# ਭਾਵਰ ਸਾਂਮਿਰਤ

## ਗੁਲਾਬ ਸਿੰਘ

Sri Satguru Jagjit Singh Ji Elibrary NamdhariElibrary@gmail.com

ਸੈਯਾ ॥ ਦਸ ਚਾਰ ਸੁ ਭੌਨ ਰਚੇ ਜਿਨਕੇ ਦਸ ਚਾਰ-ਸੁ ਭੌਨ ਬਲੀ ਭਵਮੰਡਲ ਮਾਂਹੀ । ਜਿਨਕੇ ਦਸ ਚਾਰ ਸੁ ਭੌਨ ਬਲੀ ਇਕ ਤਜਾਗ ਗਏ ਤ੍ਰਿਨ ਜਯੋਂ ਧਰ ਮਾਂਹੀਂ । ਦਸ ਚਾਰ ਸੁ ਭੌਨਕੁ ਭੋਗਤ ਹੈ ਇਕ ਏਕਹਿ ਰਾਜ ਕਰੇ ਜਗ ਮਾਂਹੀਂ । ਦਸ ਬੀਸਕ ਗ੍ਰਾਮ ਕੁ ਰਾਜ ਲਹੇ ਨਰ ਕਯੋਂ ਗਰਬੈ ਅਪਨੇ ਉਰ ਮਾਂਹੀਂ ॥ ੧੮ ॥

ਦੋਹਰਾ—ਰੇ ਮਨ ਚੰਚਲ ਤੂੰ ਸਦਾ ਭਜਯੋ ਨ ਹਰਿ ਕੋ ਨਾਮ ॥
ਰਹਯੋ ਵਿਸ਼ੇ ਲਪਟੰਤ ਹੀ ਜੈ ਹੈਂ ਜਮਕੇ ਧਾਮ ॥ ੧੯ ॥

ਸੈਯਾ ॥ ਧਨ ਈਸ ਦਯੋ ਜਗ ਭੀਤਰ ਜੋ ਬਿਨ ਬੁੱਧ ਗਏ ਨ ਕਛੂ ਫਲ ਪਾਏ । ਸ਼ੁਭ ਸੰਤਨ ਕੀ ਨਹਿ ਸੇਵ ਕਰੀ ਅਰੁ ਬਿਪ੍ਰਨ ਤੇ ਨਹਿ ਯੱਗ ਕਰਾਏ । ਨਹਿ ਕੂਪ ਖੋਨ ਜਲ ਹੇਤ ਨਹਿ ਕਬੀ ਧਰ ਭੀਤਰ ਨਾ ਜਲ ਤਾਲ ਬਨਾਏ । ਬਲ ਹੀਨਨ ਕੋ ਸੁਖ ਦਾਨ ਦਏ ਨਹਿ ਦੀਨਨ ਕੇ ਦੁਖ ਦੂਰ ਹਟਾਏ ॥ ੨੦ ॥

Sri Satguru Jagjit Singh Ji Elibrary NamdhariElibrary@gmail.com

ਅਪਨੇ ਹਿਤ ਤਯਾਗ ਕਰੇ ਪਰ ਕੋ ਹਿਤ ਤੇ ਨਰ ਉਤਮ ਹੈਂ ਜਗ ਮਾਂਹੀਂ। ਅਪਨੇ ਹਿਤ ਸੰਗ ਕਰੇ ਪਰਕੋ ਨਰ ਆਹਿ ਸਮਾਨ ਵਹੀ ਭਵ ਮਾਂਹੀ। ਅਪਨੇ ਹਿਤ ਨਾਸ ਕਰੇ ਪਰਕੋ ਹਿਤ ਰਾਕਸ ਹੈਂ ਨਰ ਤੇ ਜਗ ਮਾਂਹੀ ਬਿਨਹੀ ਅਪਨੇ ਹਿਤ ਨਾਸ ਕਰੇ ਪਰ ਕੋ ਹਿਤ ਤੇ ਨਰ ਕੌਨ ਕਹਾਂਹੀਂ ॥੨੧॥

ਸ੍ਵੈਯਾ॥ ਧਨ ਪਾਵਨ ਕੋ ਜਿਹ ਜਹਾਜ਼ ਸਜੇ ਬਿਨ ਭਾਗਨ ਤੇ ਸੋ ਸਿੰਧੁ ਡੁਬਾਈ। ਸੁ ਖਨੇ ਬਹੁ ਬਾਰਨ ਭੂਮ ਘਨੀ ਧਰ ਤੇ ਨਹ ਏਕ ਵਿਰਾਟ ਪਾਈ। ਨ੍ਰਿਪ ਕੀ ਕਰ ਆਇਸੁ ਸੇਵ ਕਰੇ ਭਿਰ ਸੰਗਰ ਮਾਂਹਿ ਸੁ ਅੰਗ ਤੁੜਾਈ। ਬਿਧ ਲੋਕਹਿ ਲੌ ਜਬ ਦੌਰ ਫਿਰੇ ਫਲ ਪਾਵਤ ਨ ਬਿਨ ਸਹਾਈ॥ ੨੨ ॥

ਦੋਹਰਾ—ਬਿਨਾ ਭਾਗ ਜਗ ਸੁਖ ਕਹਾਂ ਮੋਖ ਕਹਾਂ ਫੁਰ ਹੋਇ ॥
ਭੋਗ ਮੋਖ ਨਰ ਜੋ ਚਹੈ ਪੁੰਨ ਕਮਾਵੈ ਸੋਇ ॥ ੨੩

ਸ੍ਵੈਯਾ—ਘਰ ਭੀਤਰ ਹੇਮ ਭੰਡਾਰਭਰੇ ਮੁਕਤਾ ਫਲ ਕੀ ਗਜ ਪੀ ...ਭਾਰੀ। ਜਸ ਚੰਦ ਕੀਯੋ ਉਜਯਾਰ ਚਹੂੰ ਚਕ ਨੂਤਨ ਹੈ ਤਨ ਰੋਗ ਨਿਵਾਰ

Sri Satguru Jagjit Singh Ji Elibrary NamdhariElibrary@gmail.com

ਰਤਕੇ ਸਮ ਸੁੰਦਰ ਐ ਹਿਤ ਕਾਰਨਿ ਨਾਰਿ ਤਥਾ ਗੁਣ ਸੀਲ ਉਦਾਰੀ। ਕ੍ਰਿਤਿ ਪੁੰਨ ਬਿਨਾ ਯਹਿ ਆਹਿ ਕਹਾਂ ਬਿਧ ਪੁੰਨਨ ਨੀਰ ਰਚੀ ਫੁਲਵਾਰੀ ॥ ੨੪ ॥

ਸਯਾ ॥ ਰੂਪ ਫਲੇ ਨਹਿ ਜੂਪ ਫਲੇ ਜਨ ਮਾਂਗਤ ਭੀਖ ਫਿਰੇ ਜਗ ਮਾਂਹੀਂ। ਚਾਤੁਰਤਾ ਭੁਜ ਕੇ ਬਲ ਜੋ ਵਹਿ ਨਾਹਿ ਫਲੇ ਪਿਖੀਏ ਜਗ ਮਾਂਹੀਂ। ਮੂਰਖ ਕਾਤਰ ਚਾਤਰ ਬੀਰ ਸੁ ਸੇਵਤ ਹੈਂ ਕੁਲ ਲਾਜ ਬਿਨਾਹੀਂ। ਔਰ ਫਲੇ ਨਹਿ ਕੋ ਜਗ ਮੈਂ ਕ੍ਰਿਤਿ ਪੁੰਨ ਫਲੇਂ ਦ੍ਰੁਮ ਜਯੋਂ ਰਿਤੁ ਮਾਂਹੀਂ ॥ ੨੫ ॥

ਸੈਯਾ ॥ ਜੋ ਜਨ ਸੇਵਤਪਾਦ ਬਲੀ ਜਨ ਭ੍ਰਿਤ ਭਏ ਪਿਖੀਏ ਜਗ ਮਾਂਹੀ। ਤੇ ਜਨ ਪੁੰਨ ਪ੍ਰਭਾਵ ਕੁ ਪਾਇ ਸੁ ਭੂਪ ਭਏ ਭਵਮੰਡਲ ਮਾਹੀਂ। ਪੁੰਨ ਗਏ ਨਰ ਭੀਖ ਗਹੇ ਅਰੁ ਭਿੱਛਕਭੂਪਭਏ ਭਵ ਮਾਹੀਂ। ਔਰ ਫਲੇ ਨਹਿੰ ਕੋ ਜਗ ਮੈਂ ਕ੍ਰਿਤਿ ਪੁੰਨ ਫਲੇ ਦ੍ਰੁਮ ਜਯੋਂ ਰਿਤੁ ਮਾਂਹੀ ॥ ੨੬ ॥

ਸੈਯਾ ॥ ਦੇਸ ਫਲੇ ਨ ਬਿਦੇਸ ਫਲੇ ਕਛੁ ਪੂਰਬ ਉਤਰ ਮੇ ਫਲ ਨਾਹੀਂ। ਦਖਣ ਪੱਛਮ ਮਾਂਹਿ ਨਹੀਂ ਫਲ ਨਾਹਿ ਅਹੇ ਸਰਤਾ ਤਟ ਮਾਹੀਂ।

ਬੈਠਨ ਨਾਂਹਿ ਫਲੇ ਜਗ ਮੈ ਅਰ ਨਾਂਹਿ ਫਲੇ ਰਟਨੋ ਜਗ ਮਾਹੀਂ। ਔਰ ਫਲੇ ਨਹਿ ਕੋ ਜਗ ਮੈ ਕ੍ਰਿਤਿ ਪੁੰਨ ਫਲੇ ਦ੍ਰੂਮਜਯੋਂ ਰਿਤੁ ਮਾਹੀਂ ॥ ੨੭ ॥

ਸਵੈਯਾ॥ ਬਾਲਕ ਨਾਹਿ ਫਲੇਜਗ ਮੈ ਅਰੁ ਜੋਬਨ ਮਾਹਿ ਕਛੂ ਫਲ ਨਾਹੀਂ। ਜਾਰਨ ਨਾਹਿ ਫਲੇ ਜਗ ਮੈ ਅਰੁ ਬਾਂਧਵ ਨਾਹਿ ਫਲੇ ਜਗ ਮਾਂਹੀ। ਮੀਤ ਫਲੇ ਨਹਿ ਨੀਤ ਫਲੇ ਕੁਲ ਰੀਤ ਫਲੇ ਭਵ ਮੈਂ ਕਹੁ ਕਾਂਹੀ। ਔਰ ਫਲੇ ਨਹਿੰ ਕੋ ਜਗ ਮੈ ਕ੍ਰਿਤਿ ਪੁੰਨ ਫਲੈਂ ਦ੍ਰੂਮ ਜਯੋਂ ਰਿਤੁ ਮਾਂਹੀ ॥ ੨੮ ॥

ਸੈਯਾ ॥ ਨਾਹਿ ਫਲੇ ਜਗ ਮਾਂਹਿ ਨਿਸੇਸ ਦਿਨੇਸ ਫਲੇ ਜਗ ਮੈ ਕਹੁ ਕਾਂਹੀ। ਪੁੰਨ ਬਿਨਾ ਫਲ ਆਹਿ ਕਹਾਂ ਬਿਧਿ ਲੋਕ ਸੁ ਭੂਮਿ ਰਸਾਤਲ ਮਾਂਹੀ। ਨਾਹਿ ਸੁਰੇਸ ਫਲੇ ਜਗ ਮੈ ਸੁ ਮਹੇਸ ਫਲੈ ਜਗ ਮੈ ਕਹੁ ਕਾਂਹੀ ॥ ਔਰ ਫਲੇ ਨਹਿ ਕੋ ਜਗ ਮੈ ਕ੍ਰਿਤਿ ਪੁੰਨ ਫਲੇ ਦ੍ਰੂਮ ਜਯੋਂ ਰਿਤੁ ਮਾਂਹੀ ॥ ੨੯ ॥

ਸਵੈਯਾ ॥ ਇਕ ਦੈਵਹਿ ਬੰਦੰਤਹੋ ਭਵ ਮੈ ਜੋਇ ਚਾਤੁਰ ਤੇ ਖਲ ਸੇਵ ਕਰਾਏ। ਜਗ ਭਿੱਛਕ ਕੋ ਖਿਣ ਏਕ ਭਏ ਮਹਿ ਮੰਡਲ ਰਾਜ ਕੇ ਸੁਖ ਭੁਗਾਏ।

Sri Satguru Jagjit Singh Ji Elibrary NamdhariElibrary@gmail.com

ਮਹਿ ਮੰਡਲ ਕੇ ਪਤਿ ਕੋ ਖਿਣ ਮੈਂ ਦਰ ਹੀ ਦਰ ਮਾਹਿ ਸੁ ਭੀਖ ਮੰਗਾਏ।
ਭਵਮਾਹਿ ਅਗਾਧ ਗਤੀ ਤਿਨਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ॥੩੦॥

ਸਵੈਯਾ ॥ ਜਗ ਬੀਰਨ ਕੇ ਕਰ ਛੀਰ ਹਰੇ ਅਰ ਧੀਰਨ ਕੇ ਉਰ ਧੀਰ ਛੁਡਾਏ। ਕਾਤਰ ਕੋ ਮਹਿ ਮੰਡਲ ਕੋ ਜਨਕਿਭਿਦ ਬੀਰਨ ਬੀਰ ਕਹਾਏ। ਗ੍ਰਿਹ ਤੇ ਡਗ ਨਾਹਿ ਚਲੇ ਪਗਸੋਂ ਤਿਨ ਕੇ ਗਿਰ ਕੋਟਨ ਕੋਟ ਲੰਘਾਏ। ਭਵ ਮਾਹਿ ਅਗਾਧ ਗਤੀ ਤਿਨਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ ॥ ੩੧ ॥

ਸਵੈਯਾ ॥ ਸੁਤ ਪੰਡੁ ਮਹੀਪਤਿ ਕੇ ਜਿਹਨੇ ਹਰ ਰਾਜਹਿ ਕਾਨਨ ਮਾਹਿ ਫਿਰਾਏ। ਖਿਨ ਮਾਹਿ ਸੁ ਛੱਤ੍ਰ ਛਿਨਾਏ ਲਏ ਦੁਰਜੋਧਨ ਕੇ ਤਨ ਭੂਮ ਰੁਲਾਏ। ਨਲ ਸੇ ਮਹਿਪਾਲ ਕੇ ਰਾਜ ਹਰੇ ਹਰਿ ਚੰਦ ਬਨਾਰਸ ਜਾਇ ਬਿਕਾਏ। ਭਵ ਮਾਹਿੰ ਅਗਾਧ ਗਤੀ ਤਿਨਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ ॥ ੩੨ ॥

ਸਵੈਯਾ ॥ ਸੁਰਕੇ ਪਤਿ ਕੋ ਗਹਿ ਕੇ ਜਿਹਿਨੇ ਮਹਿ ਮੰਡਲਮੋ ਗਢ ਲੰਕ ਦਿਖਾਏ ॥ ਗੜ੍ਹ ਕਾਂਚਨ ਸਾਗਰ ਕੀ ਪਰਖਾ ਤਹਾਂ ਰਾਵਣ ਕੇ ਦਸ ਮੂੰਡ

ਕਟਾਏ। ਅਬ ਔਰਨ ਬਾਤ ਕਹਾਂ ਕਹੀਏ ਹਰਿ ਤਾਤਹਿ ਕੇ ਪਦ ਸੰਗਲ ਪਾਏ। ਭਵ ਮਾਹਿ ਅਗਾਧ ਗਤੀ ਤਿਨ ਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ ॥ ੩੩ ॥

ਸਵੈਯਾ ॥ ਕ੍ਰਿਤਿ ਪੂਰਬ ਆਹਿ ਸੁਭਾ ਫੂਲ (ਸੁਭ) ਸੋ ਤ੍ਰਿਨ (ਫਲ) ਦੇਵਨ ਕੇ ਜਗ ਭੀਤਰ ਆਏ। ਬਲ ਤੇ ਫਲ ਦੇਹ ਸਭੈ ਜਨਕੋ ਭੁਗ ਨਾਹਿ ਸਕੇ ਤਿਹਿ ਕੋਇ ਮਿਟਾਏ। ਨਿਸ ਪੇਖਨ ਡੀਲਹਿ ਤਾਰ ਸਮੇਂ ਵਸ ਲੋਗਨ ਕੇ ਬਹੁ ਭਾਂਤਿ ਫਿਰਾਏ। ਭਵ ਮਾਂਹਿ ਅਗਾਧਿ ਗਤੀ ਤਿਨਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ ॥ ੩੪ ॥

ਦੋਹਰਾ–ਖੋਟਨ ਕੀ ਸੰਗਤਿ ਕਰੇ ਕਰੇ ਲੋਭ ਜਨ ਜੋਇ ॥
ਸੁਨੋ ਸਕਲ ਸਾਚੀ ਕਹੌਂ ਦੁਖੀ ਹੋਇ ਜਗ ਸੋਇ ॥ ੩੫ ॥

ਸਵੈਯਾ ॥ ਤਿਲ ਤੇਲ ਕੇ ਸੰਗ ਲਹੇ ਦੁਖ ਕੋ ਰਸ ਸੰਗਹਿ ਤੇ ਜਗ ਈਖ ਪਿੜਾਏ। ਫਲ ਸੰਗਤ ਪਾਦਪ ਈਟ ਸਹੇ ਅਰਗੰਧ ਕਿ ਸੰਗਾਹਿ ਫੂਲ

Sri Satguru Jagjit Singh Ji Elibrary NamdhariElibrary@gmail.com

ਤਪਾਏ। ਕਰ ਤੈਹੁਲ ਸੰਗਤ ਕੋ ਜਗ ਮੈ ਪੁਨ ਸੀਸ ਬਿਖੈ ਤੁਖ ਮੂਸਲ ਖਾਏ। ਤਿਮ ਈਖ ਸਮੈ ਕਰ ਖੋਟਨ ਸੰਗਤ ਯਾ ਜਗ ਮੈ ਦੁਖ ਕੌਨ ਨ ਪਾਏ। ੩੬ ॥

ਸਵੈਯਾ ॥ ਨਾਦ ਕਿ ਲੋਭ ਤਜੇ ਮ੍ਰਿਗ ਪ੍ਰਾਨ ਸੁ ਬੀਨ ਸੁਨੇ ਅਹਿ ਆਪ ਬੰਧਾਏ। ਮੀਨ ਸੁ ਤਯਾਗ ਅਗਾਧ ਜਲੰ ਉਰ ਲੋਭ ਜਗੇ ਗਲ ਲੋਹ ਫਹਾਏ। ਕਾਗਦ ਕੀ ਪੁਤਰੀ ਕਰਣੀ ਵਸ ਮੱਤ ਗਇੰਦ ਸੁ ਅੰਕਸ ਖਾਏ। ਯਾ ਭਵ ਮੰਡਲ ਮਾਹਿ ਸੁਨੋ ਉਰ ਲੋਭ ਕਰੇ ਦੁਖ ਕੌਨ ਨ ਪਾਏ ॥ ੩੭ ॥

ਸਵੈਯਾ ॥ ਗੀਝਨ ਮਾਸ ਗਹੇ ਮੁਖ ਮੈ ਪੁਨ ਤੁੰਡਨ ਤੇ ਨਿਜ ਮੁੰਡ ਕਟਾਏ। ਭ੍ਰਿੰਗ ਬਲੀ ਪਿਖਕੰਜ ਪ੍ਰਭਾ ਉਰ ਲੋਭ ਲਗੇ ਤਿਹਿ ਮਾਹਿ ਬੰਧਾਏ। ਰੂਪ ਕੇ ਲੋਭ ਪਤੰਗ ਦਹੇ ਅਰੁ ਚੋਗ ਕਿ ਲੋਭ ਬਿਹੰਗ ਫਹਾਏ। ਯਾ ਭਵ ਮੰਡਲ ਮਾਹਿ ਸੁਨੋ ਉਰ ਲੋਭ ਜਗੇ ਦੁਖੁ ਕੌਨ ਨ ਪਾਏ ॥ ੩੮ ॥

ਸਵੈਯਾ ॥ ਬਿਧਿ ਮਾਨਵ ਦੇਹ ਰਚੀ ਜਗ ਮੈਂ ਇਹਿ ਤੇ ਸਭ ਲੋਗਨ ਕੋ ਹਿਤ ਹੋਈ ਇਨ ਮੈਂ ਸੁਭ ਸਾਧਨ ਕੇ ਕਰ ਕੈ ਜਗ ਕੀ ਪਦਵੀ ਨਹਿ ਹੋਰਤ

Sri Satguru Jagjit Singh Ji Elibrary NamdhariElibrary@gmail.com

ਕੋਈ। ਜਗ ਨਾਹਿ ਰਹੇ ਯਹਿ ਸੰਕ ਭਈ ਪੁਨ ਭੂਖ ਪਿਯਾਸ ਰਚੇ ਬਿਧਿ ਦੋਈ। ਜਿਸ ਤੇ ਸਭ ਸਾਧਨ ਧੂਰ ਮਿਲੇ ਦੁਖ ਦੋਇ ਨਿਵਾਰਣ ਦੌਰਤ ਲੋਈ ॥ ੩੯ ॥

ਸਵੈਯਾ ਰੇ ਮਨ ਜੋ ਫਲ ਤੋਹਿ ਰਚਯੋ ਬਿਧਿ ਪਾਵਹਿ ਗੋ ਤਜ ਸੰਕ ਪਿਸਾਚੀ ॥ ਨਾਹਿ ਲਹੇ ਤਿਹਿ ਕੋ ਨਰ ਔਰ ਸੁ ਦੌਰਨ ਮੈਂ ਮਤਿ ਕਾ ਹਿਤ ਰਾਚੀ। ਯੋ ਜੁਗੁ ਤੇ ਜੁਗ ਔਰਹਿ ਹੋਹਿ ਸੁ ਤੇ ਫਲ ਤੋਹਿ ਮਿਲੇ ਬਿਧਿ ਸਾਚੀ॥ ਹੋਇ ਪ੍ਰਸੰਨ ਸੁ ਰਾਮ ਭਜੋ ਇਤ ਤੇ ਉਤ ਦੌਰਨ ਮੈਂ ਮਤਿ ਕਾਚੀ ॥ ੪੦ ॥

ਸਵੈਯਾ ॥ ਜਿਹ ਲੋਗਨ ਕੇ ਹਿਤ ਪਾਪ ਕਰੇ ਮਨ ਤੇ ਨਹਿ ਤੇ ਕੁਛ ਕਾਜ ਸਵਾਰੇ। ਜਬ ਲੌ ਤਵ ਤੇ ਸੁਖ ਹੇਰਤ ਹੈਂ ਤਬ ਹੀ ਮੁਖ ਮਾਹਿ ਪੁਕਾਰਤ ਥਾਰੇ। ਤਰੁ ਮੈਂ ਫਲ ਹੇਂ ਬਿਹੰਗਮ ਕੇ ਗਨ ਆਵਤ ਹੈਂ ਛਦ ਚੌਂਚ ਪਸਾਰੇ। ਨਰ ਆਪਦ ਔ ਤਰੁ ਦਾਹਿ ਲਗੇ ਨਰ ਔਰ ਬਿਹੰਗਮ ਦੂਰ ਪਧਾਰੇ॥ ੪੧ ॥

ਸਵੈਯਾ ॥ ਮਨ ਕਯੋਂ ਧਨ ਕੋ ਬਹੁ ਭਾਂਤ ਚਹੈਂ ਅਰ ਕਾਹਿਤ ਲੋਗਨ ਕੋ ਸੁ ਦੁਖਾਵੈਂ। ਜਗ ਬੀਚ ਭਯੰਕਰ ਪਾਪ ਸੁਨੋ ਮਨ ਕਾ ਹਿਤ ਤੂੰ ਬਹੁ ਭਾਂਤਿ

ਕਮਾਵੈਂ । ਹਰਿ ਪੁੰਨ ਕਥਾ ਤਟ ਤੀਰਥ ਮੇਂ ਹਰਿ ਨਾਮ ਉਚਾਰਨ ਮੈਂ ਦੁਖੁ ਪਾਵੈਂ । ਅਬ ਨਾ ਸਮਝੇ ਸਮਝੇਗੋ ਤਬੀ ਜਮ ਕਿੰਕਰ ਜੌ ਸਿਰ ਦੰਡ ਲਗਾਵੈਂ ॥ ੪੨ ॥

ਸਵੈਯਾ ॥ ਤਨ ਧਾਰ ਕਿ ਨਾ ਉਪਕਾਰ ਕਰੇਂ ਕਰ ਰਾਗ ਪਰਾਂਗਨ ਰੂਪ ਨਿਹਾਰੇ । ਜਗ ਜਾਚਕ ਦੀਨਨ ਕੇ ਗਨ ਜੇ ਕਰ ਕੋਪ ਸਭੈ ਨਿਜ ਦ੍ਵਾਰ ਤੇ ਟਾਰੇ । ਬਲ ਹੀਨਨ ਕੇ ਸੁਭ ਕਾਜ ਜਿਤੇ ਨਿਜ ਕਾਜਨ ਹੇਤ ਸਭੇ ਸੁ ਬਿਗਾਰੇ । ਜਗ ਮੈ ਸੁਭ ਕਾਜ ਬਿਸਾਰਤ ਹੌਂ ਬਿਧ ਕੌਨ ਸੁਧਾ ਸੁਖ ਪਾਉਂ ਮੁਰਾਰੇ ॥ ੪੩ ॥

ਸਵੈਯਾ ॥ ਜਗ ਨਾਹਿ ਕਰੀ ਗੁਰ ਸੇਵ ਭਲੀ ਅਰ ਨਾ ਹਰਿ ਕੇ ਮੁਖ ਨਾਮ ਉਚਾਰੇ । ਬਲ ਹੀਨਨ ਕੋ ਕਟੁ ਬੈਨ ਕਹੇ ਮੁਖ ਮਾਹਿ ਅਰੇ ਭਵ ਮੈ ਮਦ ਖਾਰੇ । ਉਰ ਕੋਪ ਹੁਤੌਸਨ ਦਾਹਿ ਲਗੋ ਜਗ ਲੋਕਨ ਕੇ ਘਰ ਪਾਵਕ ਜਾਰੇ । ਜਗ ਮੈਂ ਸੁਭ ਕਾਜ ਬਿਸਾਰਤ ਹੋ ਬਿਧਿ ਕੌਨ ਸੁਧਾ ਸੁਖ ਪਾਉ ਮੁਰਾਰੇ ॥ ੪੪ ॥

Sri Satguru Jagjit Singh Ji Elibrary NamdhariElibrary@gmail.com

ਸੁਵੈਯਾ ॥ ਨਹਿ ਪੁਜਨ ਦੇਵਨ ਕੋ ਕਰਿਓ ਅਰੁ ਬ੍ਰਿਪ੍ਰਨ ਕੇ ਨਹਿ ਪਾਦ ਪਖਾਰੇ। ਨਿਜ ਜੀਵਨ ਪਾਲਨ ਹੇਤ ਸਦਾ ਭਵ ਮੰਡਲ ਔਰਨ ਪ੍ਰਾਨ ਨਿਕਾਰੇ। ਉਰਤੇ ਸਭ ਪੁੰਨ ਬਿਸਾਰ ਦਯੋ ਅਰੁ ਤੇ ਪਦ ਪੰਕਜ ਨਾਂ ਉਰਧਾਰੇ। ਜਗ ਮੈਂ ਸੁਭ ਕਾਜ ਬਿਸਾਰਤ ਹੌਂ ਬਿਧਿ ਕੌਨ ਸੁਧਾ ਸੁਖ ਪਾਉ ਮੁਰਾਰੇ ॥ ੪੫ ॥

ਸਵੈਯਾ ॥ ਢਿੰਗ ਬੈਠ ਧਨੀ ਨਰ ਕੇ ਹਰਿ ਜੀ ਨਿਜ ਪ੍ਰਾਨਨ ਰੋਕ ਸੁ ਬੈਨ ਉਚਾਰੇ। ਨਹਿ ਬੈਠ ਤਪੇ ਬਨ ਮੈਂ ਹਰਿ ਜੀ ਫਲ ਖਾਇ ਸਦਾ ਤੁਵ ਨਾਮ ਸੰਭਾਰੇ। ਧਨ ਪਾਵਨ ਕੋ ਨਿਸ ਨੀਂਦ ਤਜੀ ਹਰਿ ਪਾਵਨ ਕੋ ਨਹਿ ਨੈਨ ਉਘਾਰੇ। ਜਗ ਮੈ ਸੁਭ ਕਾਜ ਬਿਸਾਰਤ ਹੌਂ ਬਿਧਿ ਕੌਨ ਸੁਧਾ ਸੁਖ ਪਾਉਂ ਮੁਰਾਰੇ ॥ ੪੬ ॥

ਸਵੈਯਾ ॥ ਉਰ ਲੋਭ ਲਗੇ ਨਿਜ ਧਾਮ ਤਜੇ ਦਿਸ ਪੱਛਮ ਕੇ ਮਰ ਮਾਂਹਿ ਪਧਾਰੇ। ਜਗ ਪੁਨ ਹੁਲਾਸ ਸੁ ਪਾਇ ਉਠੇ ਨਹਿ ਦਿੱਬ ਧੁਨੀ ਪ[illegible] ਮਾਂਹਿ ਪਧਾਰੇ। ਧਨ ਦੇਵਨ ਕੋ ਮੁਖ ਮੂੰਦ ਲਏ ਅਰੁ ਲੇਵਨ ਕੋ ਸਭ ਦਾ[illegible]

Sri Satguru Jagjit Singh Ji Elibrary NamdhariElibrary@gmail.com

ਨਿਕਾਰੇ । ਜਗ ਮੈਂ ਸੁਭ ਕਾਜ ਬਿਸਾਰਤ ਹੌਂ ਬਿਧਿ ਕੌਨ ਸੁਧਾ ਸੁਖ ਪਾਉਂ ਮੁਰਾਰੇ ॥ ੪੭ ॥

ਦੋਹਰਾ ॥ ਮਧਮ ਉਤਮ ਫਲ ਜਿਤੇ ਪਾਵੇਂ ਜਗਤ ਮਝਾਰ ॥
ਕਰਮ ਬਿਰਖ ਪਾਲੇ ਲਹੇ ਬਿਨਾ ਕਰਮ ਨਹਿ ਧਾਰ ॥ ੪੮ ॥

ਸਵੈਯਾ ॥ ਜਿਨ ਬਾਲਕ ਭਾਵ ਸੁ ਖੇਲ ਮਤੇ ਸਹਿ ਬਿਦਯਾ ਲਈ ਜਗ ਮੈਂ ਰਸ ਭੀਨੀ । ਜੋਬਨ ਮੈਂ ਰਸ ਭੋਗ ਕਰੇ ਨ ਦਲੀ ਅਰਿ ਕੀ ਧੁਜਨੀ ਰਣ ਪੀਨੀ । ਨਹਿ ਆਤਮ ਰਾਮਹਿ ਗਯਾਨ ਲਿਯੋ ਤਟ ਤੀਰਥ ਨਾਂ ਤਪਸਾ ਬਹੁ ਕੀਨੀ । ਫਲ ਪੁੰਜ ਅਧਾਰ ਸੁ ਮਾਨਵ ਦੇਹ ਭਈ ਤਿਨਕੀ ਪੁੰਜ ਅਧਾਰ ~~ਸੁ ਮਾਨਵ ਦੇਹ ਭਈ ਤਿਨਕੀ~~ ਪੁੰਜ ਬਿਹੀਨੀ ॥ ੪੯ ॥

ਸਵੈਯਾ ॥ ਜੋਬਨ ਊਪਰ ਜਾਰਠਤਾ ਅਰ ਜੀਵਨ ਕੋ ਰਿਪ ਕਾਲ ਬਨਾਏ । ਸੂਖਨ ਊਪਰ ਦਖ ਰਚੇ ਕਰ ਸੰਪਦ ਆਪਦ ਫੇਰ ਦਿਖਾਏ । ਮੂਢਨ ਕੋ ਧਨ ਧਾਮ ਦਯੋ ਪੁਨ ਕੋਵਿਦ ਕੋ ਗ੍ਰਿਹ ਭੀਖ ਮੰਗਾਏ । ਯਾ ਬਿਧਿ ਮੈਂ ਬਿਧਿ ਭੂਲ ਸਮੇਂ ਹਰਿ ਨਾਂਹਿ ਕਰੀ ਕਛੁ ਆਇ ਸਹਾਏ ॥ ੫੦ ॥

Sri Satguru Jagjit Singh Ji Elibrary NamdhariElibrary@gmail.com

ਸਵੈਯਾ ॥ ਤਨ ਕੋ ਬਲ ਨੇ ਅਬ ਪੀਠ ਦਈ ਅਰੁ ਹਾਰ ਪਰੇ ਦ੍ਰਿਗ ਬਾਲ ਸੰਗਾਤੀ। ਤਜ ਕੇ ਇਹ ਲੋਕ ਬਿਖੇ ਹਮ ਕੋ ਚਲ ਆਪ ਗਏ ਸੁਰ ਲੋਕ ਸਜ਼ਾਤੀ। ਜਗ ਮੀਤ ਸਖਾ ਮੁਖ ਫੇਰ ਗਏ ਅਬ ਸੇਵਕ ਹਾਂ ਨ ਪੂਛੈਂ ਮਮ ਬਾਤੀ। ਮਮ ਆਹਿ ਪਲਾਂਗਾਮ ਹੇ ਤ੍ਰਿਸਨੇ ਇਕ ਤੂੰ ਮਮ ਸੰਗ ਰਹੀ ਦਿਨ ਰਾਤੀ ॥ ੫੧ ॥

ਸਵੈਯਾ ॥ ਦ੍ਰਿਗ ਜੋਤ ਘਟੀ ਕਟ ਹੈ ਲਟਕੀ ਪਲਟੀ ਸਭ ਦੇਹ ਨ ਰਾਮ ਸੰਭਾਰੇ। ਕਰ ਮੈ ਲਟੁਕੀ ਨ ਉਠੀ ਕਰ ਤੇ ਧਰ ਮਾਂਹਿ ਲਟੀ ਸੁ ਮਹਾਂ ਅਬ ਹਾਰੇ। ਜਬ ਬਾਲਕ ਥੇ ਤਬ ਖੇਲ ਮਤੇ ਤਰੁਨਾਪਨ ਮੈ ਸੁਭ ਕਾਜ ਬਿਗਾਰੇ। ਅਬ ਔਰ ਨ ਓਟ ਨਿਹਾਰਤ ਹੌਂ ਸਰਣਾਗਤਿ ਹੌਂ ਜਲ ਭੂਧਰ ਤਾਰੇ ॥ ੫੨ ॥

ਸਵੈਯਾ ॥ ਜਬ ਜੋਬਨ ਥਾ ਜਨ ਪ੍ਰੀਤ ਕਰੇ ਅਬ ਜ਼ਾਠਰ ਮਾਂਹਿ ਭਏ ਸਭ ਖਾਰੇ।ਨਹਿ ਹੈ ਅਧਿਕਾਰ ਕਛੂ ਤੁਮਰੋਪਰ ਲੈ ਲਕੁਟੀ ਬਹੁ ਮੋਹਿਦੁਆਰੇ। ਇਮਭਾਖਤ ਹੈ ਕਰੁਨਾਨਿਧਿ ਰਾਮ ਪਰੋਂ ਤੁ ਕਹੇ ਯਹਿ ਪਾਦ ਪਸਾਰੇ। ਅਬ

Sri Satguru Jagjit Singh Ji Elibrary NamdhariElibrary@gmail.com

ਔਰ ਨ ਓਟ ਨਿਹਾਰਤ ਹੌਂ ਸਰਨਾਗਤਿ ਹੋ ਜਲ ਭੂਧਰ ਤਾਰੇ ॥ ੫੩ ॥

ਸਵੈਯਾ ॥ ਅਬ ਜਾਠਰ ਮੈ ਤਨ ਖੀਨ ਭਏ ਅਬ ਦੂਰ ਭਏ ਮੁਖ ਦਾਂਤ ਹਮਾਰੇ। ਜਨ ਮੋਹ ਕੋ ਭੌਜਨ ਸੋਇ ਧਰੇ ਘਰ ਭੀਤਰ ਜੋ ਕਛ ਪਾਵਕ ਜਾਰੇ। ਮੁਖ ਤੇ ਕਛੁ ਭਾਖਤ ਹੌਂ ਜਬ ਹੀਂ ਤੁ ਕਹੇ ਨਹਿ ਤੇ ਹਿਤ ਪੂਪ ਸਵਾਰੇ। ਅਬ ਔਰ ਨ ਓਟ ਨਿਹਾਰਤ ਹੌਂ ਸਰਨਾਗਤਿ ਹੌਂ ਜਲ ਭੂਧਰ ਤਾਰੇ ॥ ੫੪ ॥

ਸਵੈਯਾ ॥ ਨਹਿੰ ਦਾਨ ਦੀਏ ਦਿਜ ਮੰਡਲ ਕੋ ਅਰੁ ਦਿੱਬ ਧੁਨੀ ਤਨ ਮਾਹਿ ਪਖਾਰੇ। ਨਾਹਿੰ ਮਾਤ ਸੁ ਤਾਤ ਕੀ ਸੇਵ ਕਰੀ ਨਹਿੰ ਦੇਵਨ ਕੇ ਕੁਲ ਪੂਜ ਸਵਾਰੇ। ਲਰਕਾਪਨ ਸ੍ਰੈਤਰੁਣਾ ਪਨ ਮੈ ਜਠਰਾਪਨ ਮੈ ਨਹਿੰ ਰਾਮ ਉਤਾਰੇ। ਅਬ ਔਰ ਨ ਓਟ ਨਿਹਾਰਤ ਹੌਂ ਸਰਨਾਗਤਿ ਹੌਂ ਜਲ ਭੂਧਰ ਤਾਰੇ ॥ ੫੫ ॥

ਸਵੈਯਾ ॥ ਨਹਿੰ ਸੇਵ ਕਰੀ ਸਿਵ ਕੀ ਹਮਹੂ ਅਰੁ ਨਾਹਿ ਗਜਾਨਨ ਆਸ ਹਮਾਰੇ। ਨਹਿੰ ਪੁੰਨ ਕਰੇ ਭਵ ਮੰਡਲ ਮੈ ਅਰੁ ਪਾਪ ਕਰੇ ਜਗ ਮਾਂਹਿ

Sri Satguru Jagjit Singh Ji Elibrary NamdhariElibrary@gmail.com

ਕਰਾਰੇ। ਨਹਿ ਹੈ ਤਰਬੋ ਯਹਿ ਸੰਕ ਮਿਟੀ ਹਰਿ ਨਾਥ ਬਲੀ ਜੁ ਅਜਾਮਲ ਤਾਰੇ। ਅਬ ਔਰ ਨ ਓਟ ਨਿਹਾਰਤ ਹੋਂ ਸਰਨਾਗਤਿ ਹੋਂ ਜਲ ਭੂਧਰ ਤਾਰੇ ॥ ੫੬ ॥

ਦੋਹਰਾ—ਰੇ ਮਨ ਪਾਲਨ ਸੀਲ ਕਿਉਂ ਅਪਦ ਅਨਾਪਦ ਮਾਹਿਂ ॥
ਸਦਾ ਕਰੋ ਸੁਖ ਕੋ ਲਹੋ ਤਨ ਲੌ ਕ੍ਵਾਰੋ ਨਾਹਿ ॥ ੫੭ ॥

ਸਵੈਯਾ ॥ ਭਵ ਮੰਡਲ ਮਾਂਹਿ ਸੁਸੀਲ ਫਲੇ ਪੁਨ ਸੀਲ ਪ੍ਰਲੋਕ ਬਿਖੇ ਫਲ ਜਾਏ। ਜਗ ਸੀਲ ਕੁ ਪਾਲਨ ਉਤਮ ਹੈ ਤਨ ਆਪਦ ਮੈ ਨਹਿ ਸੀਲ ਗਵਾਏ। ਤਨ ਧਾਰ ਰਹੇ ਜਗ ਭੀਤਰ ਜੋ ਮਨਕੌਨ ਅਹੇ ਨਹਿ ਜਿ ਦੁਖ ਪਾਏ। ਨ੍ਰਿਪ ਪਾਂਡਵ ਸੇ ਬਨ ਮਾਹਿਂ ਬਸੇ ਜਿਨਕੇ ਹਰਿ ਹੋਵਤ ਨੀਤ ਸਹਾਏ ॥ ੫੮ ॥

ਸਵੈਯਾ ॥ ਜਿਹ ਨਾਮ ਉਚਾਰਤ ਦੂਖ ਮਿਟੇ ਵਹਿ ਰਾਮ ਗਏ ਪਦ ਸੇ ਬਨ ਮਾਂਹੀਂ। ਮਥੁਰਾ ਤਜ ਕਾਨ੍ਹ ਬਨੀ ਅਪਦਾ ਮੁਚਕੰਦ ਹਰੀ ਤਿਨਕੇ ਗਿਰਿ ਮਾਂਹੀਂ। ਬਲਬੀਰ ਪਿਤਾ ਰਘੁਬੀਰ ਪਿਤਾ ਦੁਖ ਲੋਗ ਸਮਾਨ ਲ

Sri Satguru Jagjit Singh Ji Elibrary NamdhariElibrary@gmail.com

ਭਵ ਮਾਂਹੀਂ । ਕਹੁ ਰੇ ਮਨ ਕੌਨ ਸੁਖੀ ਜਗ ਮੈ ਤਨ ਧਾਰ ਕਿ ਜੋ ਦੁਖ ਪਾਵਤ ਨਾਹੀਂ ॥ ੫੯ ॥

ਸਵੈਯਾ ॥ ਤਾਤਕੀ ਆਇਸ ਮਾਨ ਚਲੇ ਜਿਨ ਕੇ ਪਦ ਪੰਕਜ ਪੂਜਤ ਲੋਈ । ਰਾਜ ਬਿਭੂਤਿ ਤਜੀ ਛਿਨ ਮੈ ਬਨ ਕੋ ਨਿਕਸੇ ਜਨਨੀ ਬਹੁ ਰੋਈ । ਤੌ ਨ ਫਿਰੇ ਪੁਨਕੈ ਹਰਿਪ੍ਰਭੂ ਜਬਭ੍ਰਾਤ ਗਹੇ ਕਰ ਮੈ ਪਗ ਦੋਈ । ਧਰਮ ਬਰਾਬਰ ਰਾਜ ਨਹੀਂ ਇਹ ਸੂਚਕ ਰਾਮ ਸਨਾਤਨ ਜੋਈ ॥ ੬੦ ॥

ਸਵੈਯਾ ॥ ਧਰ ਮਾਨਵ ਦੇਹ ਸੁ ਭਾਰਥ ਖੰਡਹਿ ਕਾ ਹਿਤ ਭੋਗਨ ਮੈ ਲਲਚਾਂਹੀ । ਜਗ ਦੂਰ ਤਜੋ ਗਜ ਬਾਜ ਰਥਾਦਿਕ ਮਾਹਿ ਵਿਭੂਤਿ ਕਛੂ ਸੁਖ ਨਾਹੀ । ਇਹ ਲੋਕ ਪ੍ਰਲੋਕਸੋ ਸੰਗ ਚਲੈ ਇਕ ਧਰਮ ਕੁ ਸੰਚ ਧਰੋ ਉਰਮਾਂਹੀ ਅਬ ਔਰਨ ਬਾਤ ਕਹਾਂ ਕਹੀਏ ਰਘੁਬੀਰ ਬ੍ਰਿਭੂਤ ਤਜੀ ਛਿਤ ਮਾਂਹੀ ॥ ੬੧ ॥

ਸਵੈਯਾ ॥ ਰਘੁ ਭੂਪ ਦਿਲੀਪ ਤੈਜੀ ਛਿਤ ਮੈ ਅਰੁ ਜਾਇ ਬਸੇ ਸੁ ਤਪੋ ਬਨ ਮਾਹੀਂ । ਅਜ ਨਾਭ ਕੁ ਨੰਦਨ ਤਿਆਗ ਬਿਭੂਤਿ ਗਜੇ ਬਨ ਕੋ ਸੁਰ ਕੇ ਪੁਰ ਮਾਹੀਂ । ਮਹਿ ਮੰਡਲ ਰਾਜ ਕੁ ਤਿਆਗ ਦਯੋ ਪੁਰ ਮੰਡਲ ਤਿਆਗਨ

ਮੈ ਸੂਮ ਨਾਹੀਂ । ਅਬ ਔਰਨ ਬਾਤ ਕਹਾਂ ਕਹੀਏ ਰਘੁਬੀਰ ਬਿਭੂਤਿ ਤਜੀ ਛਿਤ ਮਾਹੀਂ ॥ ੬੨ ॥

ਸਵੈਯਾ ॥ ਬਨਤਾ ਸੁਤ ਰਾਜ ਬਿਭੂਤਨ ਮੈ ਨਿਜ ਵੇਸਨ ਮੈ ਸੁ ਵੇਸਨ ਮਾਹੀਂ ॥ ਗਜਦੰਤ ਪਲੰਘ ਸੁ ਮੰਦਰ ਮੈ ਬਹੁ ਬਿੰਜਨ ਔਰ ਪਟੰਬਰ ਮਾਹੀਂ । ਸੁਖ ਜੋ ਪਿਖੀਜੇ ਥਿਰ ਨਾਹਿ ਰਹੇ ਇਹ ਹੇਰਤ ਜੇ ਬੁਧ ਯਾ ਜਗ ਮਾਹੀਂ । ਅਬ ਔਰਨ ਬਾਤ ਕਹਾਂ ਕਹੀਏ ਰਘੁਬੀਰ ਬਿਭੂਤਿ ਤਜੀ ਛਿਤ ਮਾਹੀਂ ॥ ੬੩ ॥

ਸਵੈਯਾ ॥ ਕੰਜ ਪ੍ਰਭਾ ਦ੍ਰਿਗ ਚੰਦ੍ਰ ਮੁਖੀ ਗਜ ਗਾਮਨਿ ਨਾਰਿ ਤਜੀ ਘਰ ਮਾਹੀਂ । ਭੌਨ ਰੰਗੀਨ ਸਮੇਤ ਤਜੇ ਸਭ ਭੋਗ ਬਿਲਾਸ ਹੁਤੇ ਘਰ ਮਾਹੀਂ ਧੰਨ ਵਹੀ ਭਵ ਭੀਤਰ ਹੈ ਤਨ ਧਾਰ ਮਹਾਂ ਤਪਸਾ ਨਿਰਬਾਹੀਂ । ਅਬ ਔਰਨ ਬਾਤ ਕਹਾਂ ਕਹੀਏ ਰਘੁਬੀਰ ਬਿਭੂਤਿ ਤਜੀ ਛਿਤ ਮਾਹੀਂ ॥ ੬੪ ॥

ਸਵੈਯਾ ॥ ਜੋ ਚਤੁਰਾਨਨ ਕੇ ਸੁਤ ਚਾਰ ਗਹੀ ਨ ਬਿਭੂਤਿ ਰਮੇ ਹਰਿ ਮਾਹੀ । ਯੱਦਪਿ ਹੈ ਹਰਿ ਪੂਰੈਨੇ ਤੇ ਅਬਲੋਂ ਰਤਿ ਹੈ ਸੁਭ ਸੰਤਨ ਮਾਹੀਂ । ਸੋ

Sri Satguru Jagjit Singh Ji Elibrary NamdhariElibrary@gmail.com

ਸਮੀਪ ਸੁਨੇ ਹਰਿਕੋ ਜਸਸੰਭੁ ਸਮੇਤਸਦਾ ਚਲ ਜਾਂਹੀ। ਹੋਵਤਹੈ ਗੁਣ ਉੱਤਮ ਨਾਸ ਕੁਸੰਗਤ ਤੇ ਸਨਕਾਦਿ ਡਰਾਂਹੀ॥ ੬੫॥

ਦੋਹਰਾ—ਆਨ ਜੀਵ ਕੀ ਕਜਾ ਕਥਾ ਜੋ ਸਨਕਾਦਿ ਡਰਾਂਹਿ।
ਗੁਣ ਉੱਤਮ ਕੋ ਪਾਲੀਏ ਸਾਵਧਾਨ ਮਨ ਮਾਂਹਿ॥ ੬੬॥

ਸਵੈਯਾ॥ ਉਤਮ ਆਗ ਬਿਖੇ ਜਰਨੋ ਜਿਮ ਜਾਇ ਮਰੇ ਜਗ ਮਾਂਹਿ ਪਤੰਗਾ। ਉਤਮ ਯਾ ਤਨ ਫੋੜ ਮਰੇ ਗਿਰ ਕੇ ਭੁਵ ਮੈ ਨਰ ਸੈਲ ਉਤੰਗਾ। ਉਤਮ ਹੈ ਭਵ ਮਾਂਹਿ ਮਰੇ ਕਰ ਡਾਰ ਮੁਖਾਂਤਰ ਭੀਮ ਭੁਜੰਗਾ। ਜੀਵਤ ਨਾਹਿ ਕਰੇ ਕਬ ਹੀ ਗੁਣ ਉਤਮ ਕੋ ਬਨ ਕੇ ਨਰ ਭੰਗਾ॥ ੬੭॥

ਦੋਹਰਾ—ਗੁਣ ਮਾਰਗ ਸੂਧੇ ਚਲੋ ਖਲਨਿੰਦਾ ਡਰਡਾਰ॥
ਬਿਧਿ ਖਲ ਕਛੁ ਐਸੇ ਰਚੇ ਗੁਣ ਕੋ ਦੋਖ ਉਚਾਰ॥ ੬੮॥

ਸਵੈਯਾ॥ ਸੇਵ ਕਰੋਂ ਤੁ ਕਹੇਂ ਕੁਛ ਚਾਹਤ ਨਾਹਿ ਕਰੋ ਤੁ ਕਹੈ ਢਿਠਤਾਈ। ਜੇ ਪਦ ਬੰਦਨ ਜਾਇ ਕਰੋਂ ਤੁ ਕਹੇਂ ਹਮਤੇ ਉਰ ਮਾਂਹਿ ਡਰਾਈ। ਨਾਂਹਿ ਕਰੋਂ ਤੁ ਕਹੈਂ ਯਹਿ ਮੂਰਖ ਬ੍ਰਿਧਿ ਅਬ੍ਰਿਧਿ ਕੀ ਸਾਰ ਨ

ਕਾਈ। ਜਾਨਤ ਹੈ ਜਨਕਾਤਮਜਾਪਤਿ ਔਰ ਕਹੌਂ ਅਬ ਕਾਹਿ ਸੁਨਾਈ ॥ ੬੯ ॥

ਸਵੈਯਾ ॥ ਜਗ ਲਾਜ ਜਹਾਜ ਕਹੈ ਜਿੜਤਾ ਬ੍ਰਤ ਧਾਰਨ ਤੇ ਖਲ ਦੰਭ ਉਚਾਰੇ। ਰਣ ਸੂਰ ਕੋ ਕੂਰ ਕਹੇ ਜਗ ਮੈ ਰਿਜੁ ਭਾਵਹਿ ਬੁਧਿ ਬਹੀਨ ਪੁਕਾਰੇ। ਮਧੁ ਬੈਨਨ ਦੀਨੰਨ ਕੇ ਨਰ ਜੋ ਸੁ ਬਖਾਨ ਕਰੈ ਸੁਵਚਾਲ ਬਿਚਾਰੇ। ਗੁਣ ਕੌਨ ਅਹੇ ਗੁਣ ਵਾਨਨ ਕੇ ਖਲ ਦੇਖਨ ਤੇ ਜੋਇ ਨਾਹਿ ਲਤਾਰੇ ॥ ੭੦ ॥

ਦੋਹਰਾ—ਜਗ ਰਚਨਾ ਅਦਭੁਤ ਰਚੀ ਬ੍ਰਹਮਾ ਮਾਇਕ ਆਹਿ ॥
ਕਹਿ ਅੰਮ੍ਰਿਤ ਕਹਿ ਬਿ[illegible] ਨਿਰਨੋ ਹੋਵਤ ਨਾਹਿ ॥ ੭੧ ॥

ਸਵੈਯਾ ॥ ਕਹਿ ਬੀਨਨ ਤਾਲ ਮ੍ਰਿਦੰਗਨ ਕੀ ਧੁਨਿ ਗਾਵਤ ਹੈਂ ਮਨਮੋਦ ਬਡਾਈ। ਕਹਿ ਰੋਵਤ ਹੈਂ ਨਰੁ ਨਾਰਿ ਮਹਾਂ ਧਰ ਲੋਟਤ ਹੈ ਉਰ ਮੈ ਦੁਖ ਪਾਈ। ਕਹਿ ਚੰਦਨ ਨੀਰ ਗੁਲਾਬ ਘਸੈ ਸੁ ਸੰਧੂਰਹਿ ਕੀ ਸਿਰ ਮਾਂਗ ਬਣਾਈ। ਕਹਿ ਹਾਥਨ ਸੇ ਧਰੇ ਉਪਾਰ ਸਿਰੋਰੁਹਿ ਮਾਂਗ ਜਹਾ ਤਹਿ ਭੂਮ

Sri Satguru Jagjit Singh Ji Elibrary NamdhariElibrary@gmail.com

ਰੁਲਾਈ ॥ ੭੨ ॥

ਸਵੈਯਾ ॥ ਕਹਿ ਕੋਵਿਦ ਬੈਠ ਬਿਚਾਰ ਕਰੈਂ ਕਹਿ ਮੂੜ ਭਯਾਨਕ ਰਾਰ ਮਚਾਈ। ਕਹਿ ਰੋਗ ਮਹਾਂ ਤਨ ਪਾਕ ਬਹੇ ਕਹਿਂ ਸੌਰਭ ਸੁੰਦਰ ਦੇਤ ਦਿਖਾਈ। ਬਿਖ ਮੇਲ ਸੁਧਾਰਸ ਸੰਗ ਕਿਧੋ ਬਿਧ ਮਾਇਕ ਨੇ ਯੇਹਿ ਖੇਲ ਰਚਾਈ। ਨਹਿ ਜਾਨ ਪਰੈ ਜਗ ਆਇ ਸੁਧਾਰਸ ਕੈ ਬਿਖਕੀ ਬਿਧ ਬੇਲ ਬਨਾਈ ॥ ੭੩ ॥

ਦੋਹਰਾ—ਹੈ ਜਗ ਦੁਖ ਕੀ ਖਾਨਹੀ ਪੁੰਨ ਕਰੈ ਨਰ ਜੋਇ ॥

ਬ੍ਰਹਮ ਰੂਪ ਸੁਖੁ ਵਿਖੇ ਮੈ ਹੇਰਤ ਹੈ ਜਨ ਸੋਇ ॥ ੭੪ ॥

ਦੋਹਰਾ—ਮਾਨਵ ਦੇਹੀ ਪਾਇਕਰ ਭਾਰਥ ਖੰਡ ਸੁ ਜੋਇ ॥

ਪੁੰਨ ਕਰੈ ਨਹਿ ਜਗਤ ਮੈ ਪਸ਼ੂ ਨ ਤਾ ਸਮ ਕੋਇ ॥ ੭੫ ॥

ਸਵੈਯਾ ॥ ਸੁ ਵਿਡੂਰਯ ਕੀ ਪਿਠਰੀ ਖਲ ਕੇ ਗਹਿ ਚੰਦਨ ਈਂਧਨ ਸਾਬ ਪਕਾਵੈ। ਸੁਭ ਹਾਟਕ ਲਾਂਗਲ ਅੱਗ੍ਰ ਧਰੇ ਜੜ ਭੂਮਿ ਖਨੇ ਦ੍ਰਿਮ ਆਕ ਜਮਾਵੈ। ਖਲ ਛੇਦ ਕਪੂਰਨ ਖੰਡ ਕਰੇ ਪੁਨ ਵਾਯਸਕੇ ਕੁਲ ਪੂਜ ਜਿਵਾਵੈ।

ਤਿਮਹੀ ਯਹਿ ਭਾਰਥ ਖੰਡ ਲਹੇ ਨਿਰਬੁਧਿ ਕਹਾਂ ਨਰ ਪੁੰਨ ਕਮਾਵੈ ॥ ੭੬ ॥

ਸਵੈਯਾ ॥ ਊਖਰ ਦੇਸ ਕੁ ਨੀਰ ਪਿਵੇ ਪੁਨ ਮੂੜ ਸੁਧਾਰਸ ਸੋਂ ਪਗ ਧੋਵੈ । ਕੋਦਹਿ ਕਾਗ ਉਡਾਵਨਕੇ ਹਿਤ ਡਾਰ ਮਹਾਂ ਮਨਿਮੂੜ ਵਿਗੋਵੈ । ਕਾਟਕੇ ਚੰਦਨ ਕੇ ਬਿਰਵਾ ਦ੍ਰਿੜ ਬਾੜ ਬੰਬੂਲ ਕਰੇ ਜੜ ਸੋਵੈ । ਮੂਰਖ ਯਾ ਤਨ ਪਾਲਣ ਕੇ ਹਿਤ ਧਰਮ ਤਬਾ ਜਗ ਭੀਤਰ ਖੋਵੈ ॥ ੭੭ ॥

ਸਵੈਯਾ ॥ ਵਿਪਨੇਸੁ ਰਣੈ ਭਵ ਸਤ੍ਰ ਜਿਨੈ ਜਲ ਔ ਪੁਨ ਮੰਦਰ ਆਗ ਲਗਾਏ ॥ ਬਡ ਸਾਗਰ ਭੂਧਰ ਕੇ ਸਿਖ ਰੇ ਸੁ ਭਯਾਨਕ ਸਿੰਘ ਕੈ ਸਾਮਹਿ ਆਏ ॥ ਪਦ ਭੂਲ ਭੁਜੰਗਮ ਦੇਹ ਛੁਟੇ ਜਨਨੀ ਜਠਰੰਤਰ ਆਇ ਸਮਾਏ ॥ ਨਰ ਔਰ ਨ ਰੱਖਕ ਹੋਇ ਜਹਾਂ ਤਹ ਰੱਖਕ ਪੂਰਬ ਪੁੰਨ ਕਮਾਏ ॥ ੭੮ ॥

ਸਵੈਯਾ ॥ ਆਪਦ ਧੈਰਯ ਕੋ ਪਕਰੇ ਅਰ ਸੰਪਦ ਮੈ ਸੁਖਿਮਾ ਉਰ ਮਾਹੀ ॥ ਪੁੰਨ ਨਿਸੰਗ ਕਰੇ ਨ ਡਰੇ ਪੁੰਨ ਪਾਪਨ ਤੇ ਸੁ ਡਰੈ ਉਰ ਮਾਹੀ ॥ ਸੰਘਰ ਮਾਹਿ ਕਰੈ ਭੁਜ ਕੋ ਬਲ ਪ੍ਰਾਣ ਤਜੈ ਰੁਚਿ ਹੈ ਜਸ ਮਾਹੀ ॥ ਮਾਨਵ ਮਾਹਿੰ ਮਹਾਤਮ ਕੇ ਬ੍ਰਤ ਧੰਨ ਵਹੀ ਜਿ ਧਰੇ ਜਗ ਮਾਹੀ ॥ ੭੯ ॥

Sri Satguru Jagjit Singh Ji Elibrary NamdhariElibrary@gmail.com

ਸਵੈਯਾ ॥ ਪ੍ਰੀਤਿ ਕਰੇ ਹਰਿ ਕੇ ਯਸ ਸੌਂ ਗੁਨ ਗੋਵਿੰਦ ਕੇ ਸੁ ਭਨੇ ਮੁਖ ਮਾਹੀਂ ॥ ਹਾਥਨ ਤੇ ਪੁੰਨ ਦਾਨ ਕਰੇ ਪੁਨ ਸੀਸ ਧਰੇ ਗੁਰ ਕੇ ਪਦੇ ਮਾਹੀਂ॥ ਦੇਹ ਸਨੇਹ ਨ ਭੂਲ ਕਰੇ ਅਰੁ ਸਾਧ ਸਨੇਹ ਸਦਾ ਨਿਰਬਾਹੀਂ ॥ ਮਾਨਵ ਮਾਹਿ ਮਹਾਤਮ ਕੇ ਬ੍ਰਤ ਧੰਨ ਵਹੀ ਜਿ ਧਰੈ ਜਗ ਮਾਹੀਂ ॥ ੯੦ ॥

ਸਵੈਯਾ ॥ ਸੇਸ ਧਰੇ ਧਰਣੀ ਸਿਰ ਮੇਂ ਅਰ ਸੂਰ ਫਿਰੇ ਸੁ ਸਦਾ ਨਭ ਮਾਹੀਂ ॥ ਧਾਰ ਗਦਾ ਅਬਲੋਂ ਹਰਿ ਜੀ ਬਲ ਦ੍ਵਾਰ ਰਹੇ ਸੁ ਪਤਾਲ ਕਿ ਮਾਹੀਂ ॥ ਘੋਰ ਹਲਾਹਲ ਲੋਕ ਜਰੇ ਦਿਢ ਸ਼ੰਕਰ ਨੀਰ ਧਰੇ ਗਰਮਾਹੀਂ ॥ ਪ੍ਰਾਣ ਸਮਾਨ ਧਰੇ ਬ੍ਰਤ ਕੋ ਦੁਖ ਭੂਰ ਭਏ ਬ੍ਰਤ ਡਾਰਤ ਨਾਹੀਂ ॥ ੯੧ ॥

ਸਵੈਯਾ ॥ ਬਿਨ ਨਾਉਂ ਗਏ ਯਮ ਕੇ ਪੁਰ ਕੋ ਜਗ ਭੋਗਨ ਕੀਜਿਨ ਗੈਲ ਲਈ ॥ ਹਰਿ ਕੇ ਪੁਨ ਪੰਥ ਚਲੇ ਨਰੁ ਜੋ ਉਰ ਭੋਗਨ ਕੋ ਚਢ ਪੀਠ ਦਈ। ਤਿਨ ਕੇ ਯਸ ਸੇ ਸਭ ਭੂਮਿ ਭਰੀ ਅਬ ਲੌ ਤਿਹ ਨਾਮ ਕਥਾ ਸੁਨਈ। ਮਨ ਰੇ ਹਰਿ ਕੇ ਅਬ ਪੰਥ ਚਲੋ ਜਗ ਪਾਛਲ ਆਵ ਗਈ ਸੁ ਗਈ॥੯੨॥

ਸਵੈਯਾ ॥ ਰਿਖਿ ਨਾਰਿ ਤਰੀ ਕਪਿ ਰੀਛ ਤਰੇ ਸੁ ਲੰਗੂਰ ਤਰੇ ਜਿਹ

ਨਾਮ ਉਚਾਰੇ ॥ ਬਨ ਭੀਲ ਸੁਤਾ ਜਿਹਿ ਨਾਮ ਤਰੀ ਸੁ ਜਟਾਯੁ ਵਿਹੰਗਮ ਜਾਹਿ ਸੁ ਪਾਰੇ। ਅਬ ਚੈਤਨ ਬਾਤ ਕਹਾਂ ਕਹੀਏ ਜੜ ਭੂਧਰ ਨਾਮ ਤਰੇ ਨਿਧਿ ਖਾਰੇ ॥ ਅਬ ਔਸਰ ਰਾਮ ਭਜੋ ਮਨਰੇ ਦੁਖ ਮੇਟ ਤਰੋਂ ਭਵ ਸਾਗਰ ਪਾਰੇ ॥ ੯੩ ॥

ਸਵੈਯਾ ॥ ਭਵਹਾਰਿਕ ਕੇ ਚਿਤਨੇਮ ਕਹੇ ਧਮਹੀ ਭਵਹਾਰਿਕ ਔਰ ਬਖਾਨੇ ॥ ਇਕ ਤਿਆਗ ਕਹੈਂ ਇਕ ਦਾਨ ਕਹੈਂ ਇਕ ਯੋਗ ਸੁ ਸਾਧਨ ਕੈ ਉਰ ਠਾਨੇ । ਜਗ ਏਕ ਕਹੈਂ ਤਪਸਾ ਵਰ ਸਾਧਨ ਤੀਰਥ ਵਾਸ ਸੁ ਏਕ ਪ੍ਰਮਾਨੇ। ਭਵ ਹਾਰਕ ਬ੍ਰਤ ਸੁ ਏਕ ਭਨੇ ਹਮ ਤੋ ਇਕ ਰਾਮਹਿ ਨਾਮ ਪਛਾਨੇ ॥ ੯੪ ॥

ਦੋਹਰਾ—ਬਾਨਰ ਸੈਲ ਸੁ ਤਾਰਿਓ ਰਘੁਵਰ ਸਾਗਰ ਧਾਰ ॥
ਤਜੋਂ ਹਮਕੋ ਨਹਿੰ ਤਾਰ ਹੇ ਮਨ ਮੈ ਕੌਨ ਵਿਚਾਰ ॥ ੯੫ ॥

ਸਵੈਯਾ ॥ ਸੈਲ ਕਪੀਸਰ ਪਾਰ ਪਰੇ ਇਹੁ ਭਾਂਤ ਸੁਨਜੋ ਹਰ ਜੀ ਬਲ ਤੇਰਾ। ਹੇ ਮਨ ਚੰਚਲ ਬਾਨਰਸੋਂ ਅਰ ਸੈਲ ਸਮਾਨ ਸੁ ਚੀਤ ਕਠੋਰਾ ॥

Sri Satguru Jagjit Singh Ji Elibrary NamdhariElibrary@gmail.com

ਨਾਹਿ ਕਰੀ ਤਪਸਾ ਤੁਮਰੇ ਬਲ ਔਸਰ ਬੈਨ ਸੁਨੋਂ ਪ੍ਰਭ ਮੋਰਾ ॥ ਨਾਥ ਭਲੇ ਬਲਵਾਨ ਹੁਤੇ ਮਮ ਦਾਸ ਕੀ ਬੇਰ ਭਯੋ ਬਲ ਥੋਰਾ ॥ ੯੬ ॥

ਸਵੈਯਾ ॥ ਗਹਿ ਤੰਦੁਲ ਬਾਮਨਕੇ ਕਰ ਮੈ ਤਵ ਆਪਦ ਤਾਹਿ ਕੀ ਦੂਰ ਨਿਵਾਰੀ । ਗਜ ਕੰਜ ਦਏ ਤਬ ਗ੍ਰਾਹਿ ਕਟੇ ਫਲ ਖਾਇ ਕੀ ਭੀਲ ਸੁਤਾ ਸੁ ਉਧਾਰੀ । ਗਲ ਫੂਲਨ ਮਾਲ ਗਹੀ ਕੁਬਜਾਂ ਤਬ ਕੂਬਰ ਕੀ ਕਟ ਨਾਥ ਸਵਾਰੀ ॥ ਬਿਨ ਮੋਲ ਨ ਕਾਮ ਕਰੋ ਹਰਿਜੀ ਜਗ ਲੋਗਨ ਕੀ ਗਤ ਤੈਂ ਉਰਿਧਾਰੀ ॥ ੯੭ ॥

ਸਵੈਯਾ--ਜਗ ਆਹਿ ਅਨਾਦਿ ਸਮੇਕ ਸੁਨੋ ਹਮ ਦੂਖ ਸਹੇ ਤਿਹਿ ਮਾਹਿੰ ਕਰਾਰੇ। ਵਹਿ ਕੇਤਕ ਬੇ ਨਹਿ ਜਾਨ ਪਰੇ ਅਬ ਔਰਨ ਕੇ ਡਰ ਪਾਹਿੰ ਹਮਾਰੇ। ਜਗ ਦੂਖ ਹਰੇ ਹਰਿ ਨਾਮ ਬਲੀ ਇਹ ਭਾਂਤਿ ਮਹਾਤਮ ਬੇਦ ਉਚਾਰੇ। ਜਗ ਕੇ ਸਭ ਦੂਖਨ ਮੋਹਿ ਹਰੋ ਮੁਹਿ ਹਾਨਿ ਨਹੀਂ ਹਰਿ ਲਾਜ ਤੁਮਾਰੇ ॥੯੮॥

ਮਦਰਾਛੰਦ ॥ ਜਾਤਿ ਬਿਹੀਨ ਸੁ ਭੀਲਤਰੇ ਅਰੁ ਸੀਲ ਬਿਹੀਨ ਤਰੀ ਗਨਕਾ । ਰੂਪ ਬਿਹੀਨ ਕਰੀ ਕੁਬਜਾਂ ਹਰਿਨਾਛਲ ਰੂਪ ਤਰੇ ਖਨਕਾ ।

ਪਾਪਿ ਅਜਾਮਲ ਪਾਰ ਪਰੇ ਰਘੁਨਾਯਕ ਬੈਨ ਸੁਨੋ ਜਨਕਾ । ਵੈ ਗੁਣ ਨੇਮ ਤਜੇ ਹਮ ਨਾਥ ਕਿ ਆਪ ਤਿਆਗ ਕਰਜੋ ਪ੍ਰਨ ਕਾ ॥ ੮੯ ॥

ਸਵੈਯਾ ॥ ਗੁਣ ਥੋੜਹਿ ਤੇ ਪ੍ਰਭ ਰੀਝ ਰਹੇ ਵਹਿ ਭੂਲ ਗਈ ਅਬ ਬਾਨ ਤੁਮਾਰੀ । ਫਲ ਫੂਲਨ ਤੇ ਬਨ ਭੀਲ ਸੁਤਾ ਮਥੁਰਾ ਪੁਰ ਮੈ ਹਰਿ ਕੂਬਰਿ ਤਾਰੀ । ਗਨਕਾ ਗਜਰਾਜ ਉਧਾਰ ਕਰੇ ਤਬ ਦਯਾਲ ਹੁਤੇ ਸੁਮੁਕੰਦ ਮੁਰਾਰੀ । ਅਬ ਕੈ ਕਰਣਾ ਹਰਿ ਪੀਠ ਦਈ ਅਰ ਕੈ ਫਰਯੋ ਕਰਿ ਕਾਗਦ ਕਾਰੀ॥੯੦॥

ਦੋਹਰਾ--ਕਾਗਦ ਲੇਖਾ ਜੋ ਕਰੋ ਕਹਾਂ ਪੁਜਾਵੇ ਨਾਥ ॥
ਔਗਨ ਮੇਰੇ ਬਖਸ਼ੀਏ ਮਾਥੇ ਧਰੀਏ ਹਾਥ ॥ ੯੧ ॥

ਸੈਯਾ ॥ ਅਭਿ ਬੰਦਨ ਤੇ ਹਰਿ ਪਾਦਨ ਕੋ ਜਗ ਮਾਹਿ ਪਿਖੇ ਸੁ ਉਦਾਰ ਉਦਾਰੀ ॥ ਸਸਿ ਮੰਡਲ ਮੈਂ ਬਹੁ ਕ੍ਰਾਂਤਿ ਹੁਤੀ ਪਿਖ ਆਨਨ ਤੇ ਸੁ ਲਗੈ ਅਬ ਖਾਰੀ ॥ ਦ੍ਰਿਗ ਕੰਜਨ ਤੇ ਸੁ ਉਦਾਰ ਖਿਰੇ ਲਟਕੀ ਅਲਕੈਂ ਸੁਤਿ ਉਪ੍ਰ ਕਾਰੀ ।। ਸੁਭ ਕੁੰਡਲ ਛਾਇ ਕਪੋਲ ਰਹੇ ਕਰ ਮਾਂਹਿ ਲੁਟੇ ਉਰਹਾਰ ਅਪਾਰੀ॥ ੯੨ ॥

ਦੋਹੇ

ਦੋਹਰਾ—ਖਿਮਾ ਉਲਾਹਨੈ ਕੋ ਕਰੋ ਤੁਮ ਨਿਰਪੇਖ ਉਦਾਰ ॥
ਪ੍ਰੇਮ ਪੇਖ ਹਰਿ ਰੀਝਹੋਂ ਭਗਵਨ ਭਗਤਿ ਉਧਾਰ ॥ ੯੩ ॥

ਸਵੈਯਾ ॥ ਨਭ ਮੈ ਸੁਰ ਲੋਕ ਰਚੇ ਹਰਿ ਜੀ ਅਰ ਭੂਮਿ ਬਿਖੈ ਨਿਧ ਖੀਰ ਬਨਾਏ । ਮਣਿ ਹੀਰਨ ਕੇ ਗਿਰ ਕੂਟ ਰਚੇ ਫਲ ਫੂਲਨ ਕੇ ਬਨ ਕੋਟ ਉਪਾਏ । ਸਭ ਲੋਗਨ ਕੋ ਪ੍ਰਭ ਪੋਖਤ ਹੋ ਸਭ ਭੂਖ ਮਿਟੇ ਤੁਮ ਮੈ ਮਨ ਲਾਏ । ਬਿਨ ਪ੍ਰੇਮ ਕਹਾਂ ਫਲ ਫੂਲ ਦਏ ਪਦ ਪੰਕਜ ਤੇ ਪਦ ਕੀ ਰਜ ਪਾਏ ॥੯੪॥

ਸਵੈਯਾ ॥ ਵਰ ਕੌਨ ਮੰਗੋ ਤੁਮ ਤੇ ਹਰਿ ਜੀ ਥਿਰ ਨਾਂਹਿ ਰਹੇ ਜਗ ਭੀਤਰ ਕੋਈ । ਨਹਿ ਰਾਜ ਰਹੇ ਗਜ ਬਾਜ ਰਹੇ ਤਨ ਲੌ ਮਿਟ ਜਾਇ ਪਿਖੋਂ ਜਗ ਜੋਈ । ਬਿਨ ਤੇ ਪਦ ਕੰਜ ਲਹੇ ਨ ਕਹੂੰ ਸੁਖ ਜੋ ਨਰ ਦੌਰ ਫਿਰੇ ਤਿਹੂੰ ਲੋਈ । ਪਦ ਮੰਜਲ ਜੋ ਸਨਕਾਦਿ ਭਜੈ ਤਿਨਕੀ ਪ੍ਰਭੁ ਸੇਵ੍ਹ ਦ੍ਰਿੜੇ ਮਮ ਸੋਈ ॥ ੯੫ ॥

ਸਵੈਯਾ ॥ ਕਬਿ ਆਵਹਿਗੇ ਮਮ ਉਪਰ ਤੇ ਦਿਨ ਦੇਹ ਰਟੈ ਮਮ ਗੰਗ ਕਿਨਾਰੇ । ਸਭ ਹੀ ਜਗ ਤੇ ਪੁਨ ਸਾਂਤਿ ਲਹੇ ਮੁਖ ਨਾਮ ਸੁਸੀਸ੍ਰ ਗੰਗੋਦਕ

Sri Satguru Jagjit Singh Ji Elibrary NamdhariElibrary@gmail.com

ਧਾਰੇ। ਪੁਨਿ ਬੈਠ ਸਿਲਾ ਤਲ ਮੈ ਹਰਿ ਕੀ ਪਦਵੀ ਦ੍ਰਿਗ ਮੇਲ ਕੈ ਨੀ:
ਚਿਤਾਰੇ ॥ ਹਰਿ ਧਯਾਨ ਸਮੇਂ ਤਨ ਮੋਹਿ ਗਿਰੈ ਜਲ ਮਾਤ ਸਮਾਨ ਸੁ ਗੰ
ਸੰਭਾਰੇ ॥ ੯੬ ॥

ਦੋਹਰਾ—ਬਾਲਕ ਬ੍ਰਿਧ ਜੁਵਾ ਧਨੀ ਹੈ ਸਭ ਕੇ ਅਧਿਕਾਰ ॥
ਅਰ ਫੁਨ ਬਰਖ ਪਸਾਚ ਤੇ ਤਜੇ ਸਕਲ ਸੰਸਾਰ ॥ ੯੭ ।

ਸਵੈਯਾ—ਜਿਨ ਕਾ ਜਗ ਭੀਤਰ ਮਾਨ ਘਟੇ ਸੁ ਨਿਰਾਸ ਰਟੇ ਅ
ਨਿਜ ਦ੍ਵਾਰੇ। ਨਿਜ ਮੰਦਰ ਤੇ ਧਨ ਖੀਣ ਭਏ ਪਰਲੋਕ ਗਏ ਨਿਜ ਬੰ
ਪਿਆਰੇ। ਤਨ ਮੰਡਲ ਜੋਬਨ ਪੀਠ ਦਈ ਇਹ ਲੋਕ ਤਜੈ ਪਰਲੋਕ ਸਵਾ
ਜਗ ਪਾਵਨ ਭੂਧਰ ਕੁੰਜ ਦਰੀ ਨਰ ਜਾਇ ਵਸੈ ਵਹੁ ਗੰਗ ਕਿਨਾਰੇ ॥੯੮

ਸਵੈਯਾ ॥ ਪ੍ਰਾਤ ਸਮੇਂ ਪਿਖ ਪਾਵਨ ਨੀਰ ਸੁ ਪਾਨ ਕਰੇ ਮੁਖ ਗੰ
ਉਚਾਰੇ। ਪੂਰਬ ਓਰ ਕਰੇ ਮੁਖ ਕੋ ਹਰਿ ਪਾਦਹਿ ਨੀਰ ਸਰੀਰ ਪਖਾਰੇ
ਬੈਠ ਸਿਲਾ ਤਲ ਨੈਨ ਮਿਲਾਇ ਸੁਰਾਮ ਰਮਾਂਪਤਿ ਮੈਂ ਉਰਧਾਰੇ। ਨਾਮ ਹਿ
ਮੁਖ ਸੋਂ ਹਿਰਟੇ ਹਰਿ ਦੀਨ ਦਯਾਲ ਮੁਕੰਦ ਮੁਰਾਰੇ ॥ ੯੯ ॥

ਸਵੈਯਾ ॥ ਜਾਂ ਜਲ ਕੌ ਬਿਧਿ ਪਾਨ ਕਰਯੋ ਪੁਨ ਪਾਵਨ ਬਾਵਨ ਪਾਦ ਪਖਾਰੇ। ਸੰਕਰ ਪਾਵਨ ਹੇਰਉਰੇ ਪੁਨ ਸੀਸ ਨਿਰੰਤਰ ਸੋ ਜਲ ਧਾਰੇ। ਭੂਪ ਭਗੀਰਥ ਕੈ ਤਪਸਾ ਪੁਨ ਜਾਂ ਜਲ ਸੋਂ ਕੁਲ ਭੂਪਤਿ ਤਾਰੇ। ਸੋ ਜਲ ਪਾਵਨ ਮੈਂ ਪਰਸੋਂ ਸੁ ਪਿਖੋਂ ਉਰ ਮੈਂ ਬਡ ਭਾਗ ਹਮਾਰੇ ॥ ੧੦੦ ॥

ਸਵੈਯਾ–ਤ੍ਰਿਸ਼ਨਾ ਉਰ ਤੇ ਸਭ ਦੂਰ ਕਰੈ ਸੁ ਖਿਮਾਂ ਪਰਿਪੂਰਨ ਕੋ ਉਰਧਾਰੇ। ਕਰੁਣਾ ਜਨ ਦੀਨਨ ਹੇਰ ਸਦਾ ਪੁਨ ਪਾਪਨ ਤੇ ਮਨ ਪ੍ਰੀਤਿ ਨਿਵਾਰੇ। ਪਦਵੀ ਸੁਭ ਸੰਤਨ ਕੀ ਪਕਰੇ ਭਵ ਬੰਧਨ ਮੂਲ ਸੁ ਮੋਹ ਉਖਾਰੇ। ਜਨ ਕੋਵਿਦ ਪ੍ਰੀਤ ਸੁ ਨੀਤ ਕਰੇ ਹਰਿ ਰੂਪ ਸਦਾ ਮਨ ਮਾਹਿਚਿਤਾਰੇ।੧੦੧॥

ਸਵੈਯਾ। ਕਿੰਚਤ ਹੈਂ ਅਲਿਕਾਂ ਸ੍ਰਤਿ ਊਪਰ ਕੁੰਡਲ ਹੈਂ ਸੁਭ ਕਾਨਨ ਮਾਂਹੀਂ। ਕੁੰਡਲ ਕੇ ਕਰ ਮੈ ਚਹੂੰ ਮੈ ਲਸਕੈ ਤੜਿਤਾ ਘਨ ਮੇਚਕ ਮਾਂਹੀਂ ॥ ਬੋਲ ਸਮੈ ਛਬ ਪੁੰਜ ਤਰੰਗ ਕਪੋਲਨ ਸਾਗਰ ਤੇ ਨਿਕਸਾਂਹੀਂ ॥ ਨੈਨ ਹਰੇ ਮਦ ਰੰਜਨ ਕੇ ਸਮ ਆਨਨ ਕੇ ਸਮਿ ਕੋਟਿਕ ਨਾਂਹੀਂ ॥ ੧੦੨ ॥

Sri Satguru Jagjit Singh Ji Elibrary NamdhariElibrary@gmail.com

ਸਵੈਯਾ ॥ ਭ੍ਰਿਕੁਟੀ ਕੁਟਿਲਾ ਸੁਭ ਭਾਲ ਬਿਸਾਲ ਸੁ ਕੁੰਕਮ ਕੀ ਯੁਗ ਰੇਖ ਸੁਹਾਈ । ਯੁਗ ਕਾਂਚਨ ਕੇ ਸਰ ਲੈ ਰਤਿ ਨਾਹਿ ਮਨੋ ਮਨਿ ਕੀ ਸੁ ਕਮਾਨ ਚਢਾਈ । ਕਚਘੁੰਘਰਵੰਤ ਸਮੁੰਦ ਸਮੀਰ ਫੁਰੇ ਤਿਨ ਕੀ ਛਬਿ ਯੋ ਮਨ ਆਈ ਸੁ ਮਨੋ ਮੁਖ ਕੰਜ ਅਮੋਦ ਗਹੇ ਭ੍ਰਮ ਰਾਵਲ ਕਾ ਭ੍ਰਮ ਹੈ ਬਿਗਸਾਈ ।੧੦੩॥

ਸਵੈਯਾ ॥ ਪਦ ਪਾਵਨ ਕੋਮਲ ਪੰਕਜ ਸੇ ਅਰੁਣਾਂ ਨਖ ਅੰਗੁਲ ਸਿਖ ਮਾਂਹੀ । ਸੁਭ ਅੰਕੁਸ ਔ ਪੁਨ ਬਜ੍ਰ ਧੁਜਾ ਕਿਲ ਕੰਜਲ, ਸੇ ਪਦ ਪੰਕਜ ਮਾਂਹੀ । ਸਰਨਾਗਤ ਕੇ ਭਯ ਮੋਚਕ ਹੈਂ ਇਕ ਬੰਦਨ ਤੇ ਭਵ ਫੰਧਨ ਜਾਹੀ ਧਰ ਮਾਨਵ ਦੇਹ ਸੁ ਭਾਰਥ ਖੰਡ ਭਜੇ ਹਰਿ ਪਾਦ ਤਰੇ ਜਗ ਮਾਂਹੀ॥੧੦੪॥

ਸਵੈਯਾ ॥ ਹਰਿ ਕੇ ਪਦ ਪੰਕਜ ਪ੍ਰੇਮ ਕਰੈ ਨ ਕਰੈ ਹਰਿ ਵੇਮੁਖ ਲੋਗਨ ਸੰਗਾ । ਨਹਿ ਆਪਨ ਮਾਨ ਸੁ ਭੂਲ ਚਹੇ ਪੁਨ ਔਰਨ ਕੋ ਨ ਕਰੈ ਮਨ ਭੰਗਾ । ਸਭ ਔਰ ਤਜੇ ਜਗ ਰੰਗ ਮਹਾਂ ਸੁ ਰਹੇ ਹਰਿ ਪੂਰਨ ਕੇ ਰੰਗ ਰੰਗਾ । ਇਕ ਠੌਰ ਅਹਾਰ ਕਰੇ ਨ ਸਦਾ ਸੁਭ ਸੰਤ ਧਰੇ ਬ੍ਰਿਤ ਨੀਰ ਬਿਹੰਗਾ ॥ ੧੦੫ ॥

Sri Satguru Jagjit Singh Ji Elibrary NamdhariElibrary@gmail.com

ਸਵੈਯਾ ।। ਬਿਧਿ ਏਕ ਅਨੀਤਿ ਕਰੀ ਜਗ ਮੈਂ ਸੁਭ ਸੰਤਨ ਕੈ ਤਨ ਪੇਟ ਲਗਾਏ । ਮੁਖ ਚਾਰਨ ਫੇਰ ਬਿਚਾਰ ਕੀਜੇ ਤ੍ਰਿਨ ਪੱਲਵ ਨਾਹਿ ਅਹਾਰ ਬਨਾਏ । ਅਤਿ ਦੀਨ ਮਲੀਨ ਦੁਖੀ ਨਰ ਜੋ ਤਿਨਕੇ ਘਰ ਭੀਤਰ ਭੀਖ ਮੰਗਾਏ । ਮਨ ਕੇ ਅਨੁਸਾਰ ਰਚੇ ਜਗ ਕੋ ਬਿਧਿ ਜਾਨਤ ਹੌਂ ਨਹ ਸੀਖ ਬਨਾਏ ।। ੧੦੬ ।।

ਸਵੈਯਾ ।। ਸੁਭ ਸੰਤ ਕਰੇ ਤਪਸਾ ਤਨਕੈ ਮਨਕੈ ਹਰਿ ਸੇਵਤ ਧਜਾਨ ਲਗਾਏ ।। ਜਿਨਕੇ ਪਦ ਤੀਰਥ ਤੇ ਅਤਿਪਾਵਨ ਹੇਰਨ ਤੇ ਜਨ ਦੂਖ ਪਲਾਏ । ਬਿਧਿ ਨੀਤਿ ਬਿਚਾਰ ਕਿਯੋ ਮਨ ਮੈ ਸੁਭ ਸੰਤਨ ਕੇ ਤਬ੍ਹ ਪੇਟ ਲਗਾਏ । ਮਿਸ ਭੋਜਨ ਕੇ ਸੁ ਜ੍ਹਿਟੈਂ ਘਰ ਮੈਂ ਪਦ ਤੀਰਥ ਤੇ ਜਨ ਪਾਪ ਛੁਟਾਏ।।੧੦੭।।

ਸਵੈਯਾ ।। ਮਾਨ ਅਮਾਨ ਨਹੀ ਜਿਨ ਕੋ ਸੁ ਨਹੀ ਧਨ ਨੀਰ ਤ੍ਰਿਖਾ ਉਰ ਭਾਰੀ । ਜੀਵਨ ਆਸ ਨਹੀਂ ਉਰ ਮੈ ਪੁਨ ਕਾਲਹ ਕੀ ਮਨ ਚਿੰਤ ਬਿਸਾਰੀ । ਹੈ ਉਰਮਾਂਹ ਖਿਮਾ ਪਰਿ ਪੂਰਨ ਤੂਰਨ ਗਜਾਨ ਕਲਾ ਉਰ ਧਾਰੀ। ਸੰਤ ਇਸੇ ਵਿਰਲੇ ਪਿਖੀਏ ਨਵ ਮੰਡਲ ਮੈ ਜਨ ਕੋ ਸੁਖ ਕਾਰੀ।। ੧੦੮।।

Sri Satguru Jagjit Singh Ji Elibrary NamdhariElibrary@gmail.com

ਸਵੈਯਾ ॥ ਜਗ ਸੂਰਜ ਆਤਪ ਦੂਖ ਮਿਟੇ ਫਲ ਸੂਖ ਸੁ ਨਿੰਮਿਤ ਜਗ ਮਾਹੀ । ਪਿਕ ਵਾਕ ਰਟੇ ਸੁਭ ਬੈਨ ਜਹਾਂ ਨਿਜ ਬੋ... ਸੌਰਭ ਜਗ ਮਾਹੀ । ਸੁਭ ਸਾਧਨ ਪੱਲਵ ਛਾਜਤ ਹੈ ਜਲ ਸਾਂਤਿ ਭਰੇ ਅਲ ਬਾਲ ਮਾਹੀ । ਚਲ ਰੇ ਮਨ ਢੀਲ ਕਰੋ ਨ ਅਬੈ ਸੁਭ ਸੰਤ ਰਸਾਲਨ ਕੇ ਬ... ਮਾਹੀ ॥ ੧੦੯ ॥

ਦੋਹਰਾ—ਵਿਦਯਾ ਧਨ ਕੋ ਪਾਇ ਕਰ ਨਿੰਮਿਤ ਪੁਰਖ ਉਦਾਰ ।
ਕੀਰਤਿ ਯਾ ਜਗ ਮੈ ਘਨੀ ਬਹੁਰੋ ਸੂਖ ਅਪਾਰ ॥ ੧੧੦

ਸਵੈਯਾ ॥ ਫਲ ਭੂਰ ਭਏ ਤਰ ਭੂਮ ਲਟੇ ਅਰਥੀ ਨਹਿ ਲੇਵਨ ਦੁਖ ਪਾਵੈ ॥ ਨਵ ਨੂਤਨ ਨੀਰ ਭਰੇ ...ਦਰਾ ਲਟ ਭੂਮ ਵਿਖੈ ਜਲ ਧ... ਬਹਾਵੈ । ਨਰ ਉਤਮ ਸੰਪਤਿ ਪਾਇ ਭਲੇ ਤਜ ਊਰਧਤਾ ਉਪਕਾਰ ਕਮਾਵੈ ਗੁਣ ਨੀਰ ਫਲੰ ਧਨ ਦਾਨ ਕਰੇ ਸੁਖ ਸੰਪਤ ਔ ਜਗ ਮੈ ਸੁਖ ਪਾਵੈ॥੧੧...

ਦੋਹਰਾ ॥ ਗੁਣੀ ਗੁਰੂ ਉਪਦੇਸ਼ ਕੋ ਰਖਵੋ ਮਨ ਨਿਰਧਾਰ ।
ਬੰਧਨ ਤੇਰੇ ਜਗਤ ਕੇ ਮਿਟਤ ਨ ਲਾਗੇ ਬਾਰ ॥ ੧੧੨

Sri Satguru Jagjit Singh Ji Elibrary NamdhariElibrary@gmail.com

ਸਵੈਯਾ ॥ ਗੁਰ ਬੈਨ ਮਹਾਤਮ ਹਾਰਿਕ ਜੋ ਵਹਿ ਆਇ ਪਰੇ ਅਬ ਕਾਨ ਹਮਾਰੇ ॥ ਇਕ ਮੋਹੁ ਹੁਤੋ ਮਮ ਸੰਗ ਸਦਾ ਗੁਰੁ ਬੈਨ ਸੁਪੂਤ ਵਹੀ ਧਨ ਡਾਰੇ। ਅਬ ਤੂਰਣ ਮੋਖ ਗਹਯੋ ਹਮ ਕੋ ਨਹਿ ਛਾਡਤ ਹੈ ਬਿਨ ਪ੍ਰਾਨ ਨਿਕਾਰੇ। ਤਿਸ਼ਨੇ ਅਪਰਾਧ ਖਿਮਾ ਕਰੀਏ ਹਮ ਛਾਡ ਚਲੇ ਅਬ ਸੰਗ ਤਿਹਾਰੇ ॥ ੧੧੩ ॥

ਸਵੈਯਾ ॥ ਤਨ ਪ੍ਰਾਨਨ ਆਤਮ ਹੈ ਜਗ ਮੈ ਦ੍ਰਿਗ ਆਦਿਕ ਆਤਮ ਮੂਲ ਨਾ ਹੋਈ। ਨਹਿ ਬੁਧਿ ਮਨਆਨੰਦ ਕੋਸੁ ਸੁਨੋ ਅਵਿਭਾਸਕ ਦੀਪ ਅਹੇ ਜਨ ਸੋਈ। ਤਨ ਆਦਿਕ ਪੰਚ ਅਨਾਤਮਤਾ ਪੁਨ ਬੇਦ ਪੁਰਾਨ ਕਹੇ ਸਭ ਕੋਈ। ਭਵ ਫੰਧਹ ਕੀ ਦ੍ਰਿੜ ਫਾਸ ਹੁਤੀ ਗੁਰ ਬੈਨ ਅਸੀ ਖਿਨ ਭੀਤਰ ਖੋਈ ॥ ੧੧੪ ॥

ਸਵੈਯਾ ॥ ਗੁਰ ਛੰਦ ਸੁ ਤੀਰਥ ਨੇਮ ਮਹਾ ਬ੍ਰਤ ਸੰਜਮ ਜੋ ਪਿਤ ਮਾਤ ਹਮਾਰੇ। ਹਰਿ ਭੂਮ ਸੁ ਨੀਰ ਸਮੀਰ ਬਲੀ ਪੁਨ ਪਾਵਕ ਔਰ ਅਕਾਸ਼ ਉਦਾਰੇ । ਤੁਮਰੇ ਉਪਕਾਰ ਸੁ ਗਜਾਨ ਲਏ ਦ੍ਰਿੜ ਬੰਧਨ ਥੇ ਅਬ ਦੂਰ

Sri Satguru Jagjit Singh Ji Elibrary NamdhariElibrary@gmail.com

ਨਿਵਾਰੇ। ਸਭਿ ਕੋ ਅਭਿਨੰਦਨ ਹੈ ਹਮਰੀ ਹਮ ਹੈ ਪਰਮਾਤਮ ਧਾਮ ਸਿਧਾਰੇ ॥ ੧੧੫ ॥

ਸਵੈਯਾ ॥ ਜੋ ਜਗ ਮਾਹਿ ਹਰੇ ਤਮਕੋ ਰਵਿ ਤੋ ਜਗ ਮਾਹਿ ਸੁ ਤਾਪ ਲਗਾਈ। ਚੰਦ ਤਮਿਸ੍ਰ ਕੋ ਹਨ ਹੈ ਤਿਨ ਤਾਪ ਨਹੀਂ ਤਮ ਪੂਰਨ ਜਾਈ। ਪੂਰਨ ਹੀ ਤਮ ਮਾਰ ਇਹਾ ਗੁਰਬੇਦ ਸੁ ਆਨੰਦ ਮਾਹਿ ਸਮਾਈ। ਯਾ ਜਗ ਮੈ ਗੁਰ ਬੇਦਨਕੀ ਉਪਮਾਸਮ ਢੂੰਢਤ ਨਾਹ ਛਪਾਈ ॥ ੧੧੬ ॥

ਦੋਹਰਾ ॥ ਕੈ ਪਦਵੀ ਹਰਿ ਭਗਤਿ ਹੈ ਕੈ ਅਰਿ ਕੋ ਦਲ ਨਾਸ।
ਕੈ ਸਿਰਲੋ ਧਨ ਦਾਨ ਹੈ ਇਨ ਬਿਨ ਕ੍ਰਿਮ ਸਮ ਵਾਸ ॥ ੧੧੭ ॥

ਸਵੈਯਾ ॥ ਹਰਿ ਨਾਮ ਭਜੈ ਜਗ ਭੀਤਰ ਜੋ ਜਨਨੀ ਸੁਤ ਯਾ ਬਿਧਿ ਕੋ ਉਪਜਾਏ। ਅਥਵਾ ਜਨਨੀ ਸੁਤ ਸੋਈ ਜਨੇ ਰਣ ਭੀਤਰ ਜੋ ਅਰਿ ਕੈ ਦਲ ਘਾਏ। ਸਿਰ ਲੈ ਧਨ ਦਾਨ ਕਰੇ ਜਗ ਮੈ ਸੁਭ ਕੈ ਜਨਨੀ ਸੁਤ ਜੋ ਨਿਪਜਾਏ। ਇਨ ਤੀਨ ਬਿਨਾ ਕ੍ਰਿਮ ਕੇ ਸੁਤ ਕੋ ਹਿਤ ਜੋਬਨ ਨਾਹਿ ਅਕਾਜ

Sri Satguru Jagjit Singh Ji Elibrary NamdhariElibrary@gmail.com

ਗਵਾਏ ॥੧੧੮ ॥

ਸੋ:॥ ਦੂਖ ਸੂਖ ਨਿਰਬਾਹ ਮਾਟੀ ਮੈ ਯਹ ਤਨ ਸਦਾ। ਸੰਤਨ ਕੇ ਪਰ ਰਾਹਿ ਆਸ ਤਿਆਗੋ ਆਨਕੀ ॥ ੧੧੯ ॥

ਸਵੈਯਾ ॥ ਜੱਗ ਮਾਨਵ ਦੇਹ ਮਿਲੈ ਨ ਸਦਾ ਨਰ ਰਾਮ ਭਜੋ ਜਿਹ ਤੇ ਸੁਖ ਪਾਵੈ। ਜਗ ਭੋਗ ਵਿਰਾਟਕ ਕੇ ਬਦਲੇ ਨ ਅਮੋਲਕ ਲਾਲ ਅਕਾਜ ਗਵਾਵੈ। ਲਰਕਾਪਨ ਜਾਠਰ ਮੈਂ ਬਲ ਖੀਨ ਸੁ ਜੋਬਨ ਮੇਂ ਦ੍ਰਿੜ ਪੁੰਨ ਕਮਾਵੈ । ਸੁਭ ਸੀਖ ਇਹੈ ਜਨ ਮਾਨ ਚਲੋ ਜਿਹ ਤੇ ਨਹਿ ਅੰਤ ਸਮੇਂ ਪਛੁਤਾਵੈ ॥ ੧੨੦ ॥

ਜਗ ਰੂਖਨ ਸੂਖਨ ਭੋਜਨ ਕੈ ਫਲ ਫੂਲਨ ਕੈ ਤਨ ਪਾਲਨ ਕੀਜੈ। ਜਗ ਬੈਠ ਜਹਾਂ ਤਹ ਠੌਰ ਭਲੋ ਪ੍ਰਭ ਪਾਵਨ ਕਉ ਉਰ ਜਾਪ ਜਪੀਜੈ। ਤ੍ਰਿਨ ਕੋਮਲ ਬੀਨ ਬਿਛਾਇ ਭਲੇ ਦ੍ਰਿਗ ਨੀਰ ਭਰੇ ਧਰ ਮਾਹਿੰ ਸੁਈਜੈ । ਧਨ ਕੇ ਪਤਿ ਮੂੜ ਬਜਾਕੁਲ ਬੈਨ ਸੁ ਭੂਪਤਿ ਕੇ ਨਹਿ ਪਾਸ ਰਹੀਜੈ ॥ ੧੨੧ ॥

Sri Satguru Jagjit Singh Ji Elibrary NamdhariElibrary@gmail.com

ਸੈਲ ਸਿਲਾ ਤਲ ਸੇਜ਼ ਕਰੈ ਗਿਰ ਕੰਦਰ ਹੀ ਗ੍ਰਿਹ ਹੈ ਬਨ ਮਾਹੀ। ਪਾਦਪ ਛਾਲ ਸੁ ਚੀਰ ਧਰੈ ਉਰ ਨਾਮ ਸਖਾ ਮ੍ਰਿਗ ਹੈ ਬਨ ਮਾਹੀ। ਭੋਜਨ ਪਾਦਪ ਕੇ ਫਲ ਹੈ ਜਲ ਪਾਨ ਕਰੈ ਗਿਰਿਤਾ ਗਿਰਮਾਹੀ। ਪੇਟ ਕੇ ਹੇਤ ਨ ਸੇਵਤ ਜੇ ਨਰ ਤੇ ਨਰ ਈਸ਼ ਗਨੈ ਭਵ ਮਾਹੀ ॥ ੧੨੨ ॥

ਧੰਨ ਭਈ ਤਿਨ ਕੀ ਜਨਨੀ ਕਿਰਤਾਰਥ ਤਾਂ ਜਗ ਬੇਦਨ ਗਾਈ। ਕੁਲ ਪਾਵਨ ਜਾਂਹਿ ਕਰੀ ਸਗਰੀ ਜਗ ਧੰਨ ਭਏ ਤਿਨ ਮੀਤ ਸਖਾਈ। ਪਦ ਕੰਜਨ ਧਾਸ ਪੁਨੀਤ ਧਰਾ ਰਜ ਪਾਵਨ ਤੇ ਜਨ ਪਾਪ ਮਿਟਾਈ। ਜੋ ਭਵ ਮੰਡਲ ਮਾਂਹਿ ਭਜੇ ਖਿਣ ਏਕ ਇਕਾਗਰ ਰਾਮ ਸਹਾਈ ॥ ੧੨੩ ॥

ਸਵੈਯਾ ॥ ਯਹਿ ਭਾਵਰ ਸਾਂਮ੍ਰਿਤ ਕੰਠ ਧਰੇ ਸੁ ਕੁਬੁਧਿ ਜਰਾ ਸਭ ਜਾਇ ਪਲਾਈ। ਸੁਖ ਦੇਵ ਪੁਰੀ ਸੁਰਮੇਸ ਦਈ ਉਰ ਸਾਂਤਿ ਸੁਰਾਗਨ ਮੋਦ ਬਢਾਈ। ਅਮਰਾਤਮ ਦੇਵ ਭਯੋ ਜਗ ਮੈ ਉਰ ਕਾਲ ਕਰਾਲ ਕੀ ਚਿੰਤ ਮਿਟਾਈ। ਵਹੁ ਔਰਨ ਕੇ ਦੁਖ ਦੂਰ ਕਰੈ ਪਦ ਪਾਵਨ ਸੇਵ ਪ੍ਰਤੀਤ ਲੁਕਾਈ ॥ ੧੨੪ ॥

Sri Satguru Jagjit Singh Ji Elibrary NamdhariElibrary@gmail.com

ਨੀਤ ਲੁਕਾਈ ॥ ੧੨੪ ॥

ਦੋਹਰਾ--ਗੌਰੀ ਰਾਇਆ ਮਾਤ ਪਿਤ ਸੇਖਵ ਨਗਰ ਉਦਾਰ । ਗੁਲਾਬ ਸਿੰਘ ਕੁਲ ਦੀਪ ਸਤ ਕਰਜੋ ਗ੍ਰੰਥ ਨਿਰਧਾਰ ॥ ੧੨੫ ॥

ਸਵੈਯਾ ॥ ਬੰਦੋਂ ਸੀਤਾਪਤਿ ਸਦਾ ਚਿਦਘਨ ਬ੍ਰਹਮ ਮੁਰਾਰਿ ॥ ਤਿਲਕ ਰਾਜ ਦਿਯੋ ਭਗਤ ਕੋ ਰਾਵਣ ਕੋ ਰਣ ਮਾਰ ॥ ੧੨੬ ॥

ਗੁਰੂ ਨਾਨਕ ਗੋਬਿੰਦ ਕੇ ਮੰਜਲ ਪਾਦ ਉਦਾਰ ॥ ਨਿਸ ਦਿਨ ਪੰਕਜ ਜੋਰ ਕਰ ਭਵ ਮੋਚਕ ਸੁਖ ਕਾਰ ॥ ੧੨੭ ॥

ਜਾ ਪਦ ਪੰਕਜ ਹੇਰ ਕੈ ਹਰਜੋ ਨਿਖਲ ਭਵ ਭਾਰ ॥
ਵਿਦਯਾ ਗੁਰੂ ਉਦਾਰ ਕੋ ਬੰਦੋਂ ਮਸਤਕੁ ਧਾਰ ॥ ੧੨੮ ॥

ਸਵੈਯਾ ॥ ਮੈ ਮੰਦਕਾਛਰ ਲਹਿ ਦੋਗੁ ਮਲਿ ਸੇਭ ਕਬੀ ਉਰ ਮਾਂਹਿ ਨ ਧਾਰੋ । ਰੋਹ ਅੰਬ ਸੁਖਿ ਦੇ ਮਰਿਯੁਧਮ ਮਾਵ ਸਦਾ ਉਰ ਤੇ ਨਹਿ ਟਾਰੋ । ਸਾਂਗ੍ਰ ਭਵੇ ਸੁਸ ਪੰਚ ਇਨੀ ਤਰੈ ਜੋ ਦੋਨੂ ਦਾ ਬੋਲ ਨਤ ਸੰਭਾਰੋ । ਜੋ ਇਨ ਤੇ ਹਰਿ ਨਾਂਹਿ ਮਿਲੇ ਤਬ ਜਾਮਨ ਸਿੰਘ ਗੁਲਾਬ ਤੁਮਾਰੋ ॥ ੧੨੯ ॥

Sri Satguru Jagjit Singh Ji Elibrary NamdhariElibrary@gmail.com

ਸਵੈਯਾ ॥ ਸਤ ਅਸਟਦਸਾ ਸੁਭ ਸੰਮਤ ਥੇ ਪੁਨ ਤ੍ਰਿੰਸਤ ਚਾਰ ਕਹੋ ਅਧਿਕਾਈ । ਘਨ ਪੂਰ ਰਹੇ ਦਿਸ ਚਾਰ ਘਨੇ ਪੁਨ ਮੰਦ ਸਮੀਰ ਸੁ ਬੂੰਦ ਸੁਹਾਈ । ਸਸਿ ਪੂਰਣਮਾਂ ਰਵਿ ਬਾਸਰ ਥੋ ਸੁਧ ਹਾੜ ਸਮਾਪਤ ਕੀ ਤਿਥਿ ਪਾਈ । ਦਿਨ ਤਾਹਿ ਸਮਾਪਤ ਗ੍ਰੰਥ ਭਯੋ ਹਰਿ ਕੇ ਪਦ ਪੰਕਜ ਭੇਟ ਚੜ੍ਹਾਈ ॥ ੧੩੦ ॥

ਇਤਿ ਸ੍ਰੀਮਤਿ ਮਾਨ ਸਿੰਘ ਚਰਣ ਸਿਖਤ
ਗੁਲਾਬ ਸਿੰਘੇਨ ਗੌਰੀ ਰਾਇਆ ਆਤਮਜੇਨ
ਵਿਰਚਤੇ ਭਾਵਰ ਸਾਂਮ੍ਰਿਤਿ
ਸਮਾਪਤੰ

ਹਰ ਪ੍ਰਕਾਰ ਦੀ ਸਸਤੀ ਪੁਸਤਕੇ ਮਿਲਨੇ ਦਾ ਪਤਾ
ਪਰੇਮ ਸਿੰਘ ਸਚਦੇਵਾ ਐਂਡ ਸਨਜ਼
ਬਾਜ਼ਾਰ ਮਾਈ ਸੇਵਾ ਅਮ੍ਰਤਸਰ

'ਸਚਦੇਵ ਪ੍ਰਿੰਟਿੰਗ ਪ੍ਰੈਸ' ਬਾਜ਼ਾਰ ਬਾਗ ਜਲਿਆਂ ਵਾਲਾ, ਅੰਮ੍ਰਿਤਸਰ

Sri Satguru Jagjit Singh Ji Elibrary NamdhariElibrary@gmail.com

## ਚੋਣਵੀਆਂ ਪੜ੍ਹਨ ਯੋਗ ਪੁਸਤਕਾਂ

ਵਾਰਾਂ ਭਾਈ ਗੁਰਦਾਸ ਜੀ ਸਟੀਕ ਜਿਃ ਸਣੇ
ਭਗਤ ਬਾਣੀ ਸਟੀਕ ਗਿਆਨੀ ਬਿਸ਼ਨ ਸਿੰਘ ਜੀ
ਭਗਤ ਬਾਣੀ ਮੂਲ ਮੋਮੀ ਕਾਗਜ਼
ਵਾਰਾਂ ਭਾਈ ਗੁਰਦਾਸ ਜੀ ਮੂਲ ਮੋਮੀ ਕਾਗਜ਼
ਸੁੰਦਰ ਗੁਟਕਾ ਲਾਲ ਵੇਲ ਵਾਲਾ ਆਰਟ ਪੇਪਰ
ਸੁੰਦਰ ਗੁਟਕਾ ਲਾਲ ਵੇਲ ਮੋਮੀ ਕਾਗਜ਼
ਸੁੰਦਰ ਗੁਟਕਾ ਲਾਲ ਵੇਲ ਜਿਲਦ ਚਮੜਾ
ਸ਼ਾਮਾਂ ਦਾ ਸੂਰਜ ਜੀਵਨ ਸ੍ਰਃ ਸ਼ਾਮ ਸਿੰਘ ਜੀ ਅਟਾਰੀ
ਅੰਤਮ ਕਿਰਨਾਂ (ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਣੀ ਜਿੰਦਾਂ)
ਬਾਈ ਵਾਰਾਂ ਸਟੀਕ ਗਿਃ ਬਿਸ਼ਨ ਸਿੰਘ ਜੀ
ਖਾਲਸਾ ਦਰਬਾਰ (ਮਹਾਰਾਜਾ ਰਣਜੀਤ ਸਿੰਘ)
ਸਿਖ ਕਾਨੂੰਨ (ਗਿਆਨੀ ਲਾਲ ਸਿੰਘ)
ਨਵ ਜੀਵਨ ਨਾਵਲ (ਸ੍ਰਃ ਮੋਹਨ ਸਿੰਘ ਪ੍ਰੇਮ)

ਮਿਲਨ ਦਾ ਪੱਤਾ :-

**ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ**

ਪੁਸਤਕਾਂ ਵਾਲੇ; ਬਜ਼ਾਰ ਮਾਈ ਸੇਵਾਂ; ਅਮ੍ਰਿਤਸਰ